# ਪਾਸਬਾਨਾਂ ਅਤੇ ਆਗੂਆਂ ਦਾ ਕੰਮ

ਫ੍ਰੈਂਕਲਿਨ ਦੁਆਰਾ ਨੋਟਸ

ਯਸਾਯਾਹ 5:13 ਏਸ ਲਈ **ਮੇਰੀ ਪਰਜਾ ਬੇਸਮਝੀ** ਦੇ ਕਾਰਨ **ਅਸੀਰੀ** (ਨੰਗਾ ਕਰਨਾ, ਸਾਰੇ ਕੱਪੜੇ ਉਤਾਰਨਾ ਅਤੇ ਗੁਲਾਮੀ ਵਿੱਚ ਲੈ ਕੇ ਜਾਣਾ) ਵਿੱਚ ਜਾਂਦੀ ਹੈ

ਹੋਸ਼ੇਆ 4:6 **ਮੇਰੀ ਪਰਜਾ ਗਿਆਨ ਬਹੂਣੀ** ਨਾਸ (ਬੇਵਕੂਫ ਹੋਣਾ, ਅਸਫਲ ਜਾਂ ਨਾਸ ਹੋਣਾ; ਨਾਸ ਹੋਣਾ) ਹੁੰਦੀ ਹੈ

- ਇਹ ਬਹੁਤ ਚਿੰਤਾ ਵਾਲੀ ਗੱਲ ਹੈ ਅਤੇ ਹਰ ਪਾਸਬਾਨ, ਹਰ ਆਗੂ ਅਤੇ ਹਰ ਵਿਸ਼ਵਾਸੀ ਲਈ ਬਹੁਤ ਚਿੰਤਾ ਵਾਲੀ ਗੱਲ ਹੋਣੀ ਚਾਹੀਦੀ ਹੈ। ਕਿਉਂਕਿ:

ਸ਼ਤਾਨ ਵੀ ਆਪਣੇ ਰੂਪ ਨੂੰ ਚਾਨਣ ਦੇ ਦੂਤ ਦੇ ਰੂਪ ਵਿੱਚ ਵਟਾਉਂਦਾ ਹੈ। (2 ਕੁਰਿੰਥੀਆਂ 11:14)
ਚੋਰ ਨਹੀਂ ਆਉਂਦਾ ਪਰ ਇਸ ਲਈ ਜੋ **ਚੁਰਾਵੇ** ਅਰ **ਵੱਢੇ** ਅਤੇ **ਨਾਸ ਕਰੇ**। (ਯੂਹੰਨਾ 10:10)
ਤੁਹਾਡਾ ਵਿਰੋਧੀ ਸ਼ਤਾਨ ਬੁਕਦੇ ਸ਼ੀਂਹ ਵਾਂਙੁ ਭਾਲਦਾ ਫਿਰਦਾ ਹੈ ਭਈ ਕਿਹ ਨੂੰ ਪਾੜ ਖਾਵਾਂ! (1 ਪਤਰਸ 5:8)

ਸਾਨੂੰ ਚੇਤਾਵਨੀ ਦਿੱਤੀ ਗਈ ਹੈ: **ਅਤੇ ਨਾ ਸ਼ਤਾਨ ਨੂੰ ਥਾਂ ਦਿਓ!** (ਅਫਸੀਆਂ 4:27)
ਪਾਪ ਕੇਵਲ ਸ਼ਤਾਨ ਨੂੰ ਮੌਕਾ ਹੀ ਨਹੀਂ ਦਿੰਦਾ ਸਗੋਂ ਇੱਕ ਜਾਇਜ਼ ਅਧਿਕਾਰ ਵੀ ਦਿੰਦਾ ਹੈ (ਲੂਕਾ 22:31-32)

- ਹਰੇਕ ਪਾਸਬਾਨ, ਹਰੇਕ ਆਗੂ ਅਤੇ ਹਰੇਕ ਅਧਿਆਪਕ ਉਨ੍ਹਾਂ ਲਈ ਜ਼ਿੰਮੇਵਾਰ ਹੈ, ਜਿਨ੍ਹਾਂ ਨੂੰ ਉਹ ਸਿਖਾਉਂਦਾ ਹੈ।

ਯਾਕੂਬ 3:1 ਹੇ ਮੇਰੇ ਭਰਾਵੋ, ਬਾਹਲੇ ਉਪਦੇਸ਼ਕ ਨਾ ਬਣੋ ਕਿਉਂ ਜੋ ਤੁਸੀਂ ਜਾਣਦੇ ਹੋ **ਜੋ ਸਾਨੂੰ ਵਧੀਕ ਸਜ਼ਾ ਮਿਲੇਗੀ**।

ਰਸੂਲਾਂ ਦੇ ਕਰਤੱਬ 20:27-32 ਕਿਉਂ ਜੋ ਮੈਂ ਤੁਹਾਨੂੰ **ਪਰਮੇਸ਼ਰ ਦੀ ਸਾਰੀ ਮੱਤ** ਦੱਸਣ ਤੋਂ ਨਹੀਂ ਝਕਿਆ। [28] ਤੁਸੀਂ ਆਪਣੀ, ਨਾਲੇ ਉਸ **ਸਾਰੇ ਇੱਜੜ ਦੀ ਖਬਰਦਾਰੀ ਕਰੋ** ਜਿਹ ਦੇ ਉੱਤੇ **ਪਵਿੱਤਰ ਆਤਮਾ ਨੇ ਤੁਹਾਨੂੰ ਨਿਗਾਹਬਾਨ ਠਹਿਰਾਇਆ ਹੈ** ਜੋ ਪਰਮੇਸ਼ਰ ਦੀ **ਕਲੀਸਿਯਾ ਦੀ ਚਰਵਾਹੀ ਕਰੋ** ਜਿਹ ਨੂੰ ਉਸ ਨੇ ਆਪਣੇ ਹੀ ਲਹੂ ਨਾਲ ਮੁੱਲ ਲਿਆ ਹੈ। [29] ਮੈਂ ਜਾਣਦਾ ਹਾਂ ਜੋ . . . **ਬੁਰੇ ਬੁਰੇ ਬਘਿਆੜ** ਤੁਹਾਡੇ **ਵਿੱਚ ਆ ਵੜਨਗੇ** ਜੋ **ਇੱਜੜ ਨੂੰ ਨਾ ਛੱਡਣਗੇ**। [30] ਅਤੇ ਤੁਹਾਡੇ ਆਪਣੇ ਹੀ ਵਿੱਚੋਂ ਕਈ **ਪੁਰਸ਼ ਖੜੇ ਹੋਣਗੇ ਜਿਹੜੇ ਉਲਟੀਆਂ ਗੱਲਾਂ ਕਰਨਗੇ** ਭਈ **ਚੇਲਿਆਂ ਨੂੰ ਆਪਣੀ ਵੱਲ ਖਿੱਚ ਲੈ ਜਾਣ**। [31] **ਇਸ ਕਰਕੇ ਜਾਗਦੇ ਰਹੋ . . .**

1 ਪਤਰਸ 5:1-4 **ਜਿਹੜੇ ਬਜ਼ੁਰਗ ਤੁਹਾਡੇ ਵਿੱਚ ਹਨ . . . ਓਹਨਾਂ ਅੱਗੇ ਇਹ ਬੇਨਤੀ ਕਰਦਾ ਹਾਂ**। ਭਈ ਤੁਸੀਂ **ਪਰਮੇਸ਼ਰ ਦੇ ਉਸ ਇੱਜੜ ਦੀ ਜੋ ਤੁਹਾਡੇ ਵਿੱਚ ਹੈ ਚਰਵਾਹੀ ਕਰੋ** ਪਰ ਲਚਾਰੀ ਨਾਲ ਨਹੀਂ ਸਗੋਂ ਖੁਸ਼ੀ ਨਾਲ ਪਰਮੇਸ਼ਰ ਦੀ ਇੱਛਿਆ ਅਨੁਸਾਰ ਅਤੇ ਨਾ ਝੂਠੇ ਨਫ਼ੇ ਦੇ ਕਾਰਨ ਸਗੋਂ ਮਨ ਦੀ ਚਾਹ ਨਾਲ। ਅਤੇ **ਓਹਨਾਂ ਉੱਤੇ ਜਿਹੜੇ ਤੁਹਾਡੇ ਸਪੁਰਦ ਹਨ** ਹੁਕਮ ਨਾ ਚਲਾਓ ਸਗੋਂ **ਇੱਜੜ ਦੇ ਲਈ ਨਮੂਨਾ ਬਣੋ**। [4] ਤਾਂ ਜਿਸ ਵੇਲੇ ਸਰਦਾਰ ਅਯਾਲੀ ਪਰਗਟ ਹੋਵੇਗਾ ਤੁਹਾਨੂੰ ਤੇਜ ਦਾ ਉਹ ਮੁਕਟ ਮਿਲੇਗਾ ਜਿਹੜਾ ਕੁਮਲਾਉਂਦਾ ਨਹੀਂ। (ਵੇਖੋ ਪਰਕਾਸ਼ ਦੀ ਪੋਥੀ 3:11)

ਜੇਕਰ ਤੁਸੀਂ ਸਿਖਾਉਂਦੇ ਹੋ ਤਾਂ ਤੁਸੀਂ ਬਚਨ ਅਤੇ ਉਦਾਹਰਣਾਂ ਦੁਆਰਾ ਪਰਮੇਸ਼ੁਰ ਦੇ ਲੋਕਾਂ ਨੂੰ ਅੰਧਕਾਰ ਅਤੇ ਉਸ ਤੋਂ ਛੁਡਾਓਗੇ ਜੋ "ਚੁਰਾਉਂਦਾ ਅਤੇ ਨਾਸ ਕਰਦਾ ਹੈ" (ਯੂਹੰਨਾ 10:10) ਅਤੇ ਉਨ੍ਹਾਂ ਨੂੰ ਅਜ਼ਾਦੀ ਮਹਿਮਾਮਈ ਰੋਸ਼ਨੀ ਵਿੱਚ ਅਤੇ ਪਰਮੇਸ਼ੁਰ ਵੱਲੋਂ ਬਰਕਤਾਂ ਵਿੱਚ ਲੈ ਕੇ ਜਾਵੋਗੇ।

ਯਿਰਮਿਯਾਹ 29:11-14 ਮੈਂ ਤਾਂ ਆਪਣੀਆਂ **ਸੋਚਾਂ** ਨੂੰ ਜਿਹੜੀਆਂ **ਤੁਹਾਡੇ ਵਿਖੇ** ਸੋਚਦਾ ਹਾਂ ਜਾਣਦਾ ਹਾਂ, ਯਹੋਵਾਹ ਦਾ ਵਾਕ ਹੈ,
**ਸ਼ਾਂਤੀ** ਦੀਆਂ ਸੋਚਾਂ, ਬੁਰਿਆਈ ਦੀਆਂ ਨਹੀਂ ਭਈ ਮੈਂ ਤੁਹਾਨੂੰ **ਛੇਕੜ** ਨੂੰ **ਆਸ** ਦੁਆਵਾਂ। 12 ਤਦ ਤੁਸੀਂ ਮੈਨੂੰ **ਪੁਕਾਰੋਗੇ** ਅਤੇ ਜਾ ਕੇ
ਮੈਥੋਂ **ਪ੍ਰਾਰਥਨਾ** ਕਰੋਗੇ ਤੇ **ਮੈਂ ਤੁਹਾਡੀ ਸੁਣਾਂਗਾ**। 13 **ਤੁਸੀਂ** *ਮੈਨੂੰ* **ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ
ਭਾਲੋਗੇ**। 14 **ਮੈਂ ਤੁਹਾਨੂੰ ਲੱਭਾਂਗਾ**, ਯਹੋਵਾਹ ਦਾ ਵਾਕ ਹੈ।

- ਸਾਡੇ ਸਵਰਗੀ ਪਿਤਾ ਕੋਲ ਆਪਣੇ ਸਾਰਿਆਂ ਬੱਚਿਆਂ ਦੀ **ਸ਼ਾਂਤੀ** ਲਈ **ਸੋਚਾਂ** ਹਨ। ਇਬਰਾਨੀ ਸ਼ਬਦ "ਸ਼ਾਲੋਮ" ਹੈ – ਤੰਦਰੁਸਤੀ, ਖੁਸ਼ਹਾਲੀ, ਸ਼ਾਂਤੀ।

- ਅਤੇ **ਬੁਰਿਆਈ** ਲਈ ਨਹੀਂ – ਕੋਈ ਵੀ ਚੀਜ਼ ਬੁਰੀ ਨਹੀਂ

- ਭਈ ਤੁਹਾਨੂੰ **ਛੇਕੜ** ਨੂੰ **ਆਸ** ਦੁਆਵਾਂ – ਤੁਹਾਨੂੰ ਲੰਮਾ ਧੰਨ ਜੀਵਨ ਦੇਣਾ ਸਿੱਧਾ ਸਦੀਪਕਤਾ ਵਿੱਚ। ਜਦੋਂ ਤੁਸੀਂ ਇਸ ਨੂੰ ਮਹਿਸੂਸ ਕਰਦੇ ਹੋ, ਫਿਰ . . .

12 **ਤੁਸੀਂ** ਮੈਨੂੰ **ਪੁਕਾਰੋਗੇ** ਅਤੇ ਜਾ ਕੇ ਮੈਥੋਂ **ਪ੍ਰਾਰਥਨਾ** ਕਰੋਗੇ ਤੇ **ਮੈਂ ਤੁਹਾਡੀ ਸੁਣਾਂਗਾ**।

13 **ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ**।

14 **ਮੈਂ ਤੁਹਾਨੂੰ ਲੱਭਾਂਗਾ**, ਯਹੋਵਾਹ ਦਾ ਵਾਕ ਹੈ। ਉਸ ਦਾ ਬਚਨ!

ਸਾਡੇ ਲਈ ਉਸ ਦੀਆਂ ਸੋਚਾਂ ਨੂੰ ਜਾਣਨ ਲਈ, ਪਾਉਣ ਲਈ ਅਤੇ ਉਨ੍ਹਾਂ ਦਾ ਅਨੰਦ ਮਾਣਨ ਲਈ ਸਾਨੂੰ ਪ੍ਰਾਰਥਨਾ ਕਰਨਾ – ਲੱਭਣਾ – "ਆਪਣੇ ਸਾਰੇ ਦਿਲ" ਨਾਲ ਉਸ ਨੂੰ ਭਾਲਣਾ ਚਾਹੀਦਾ ਹੈ।

ਇਹ ਹਰੇਕ ਪਾਸਬਾਨ, ਹਰੇਕ ਆਗੂ ਅਤੇ ਹਰੇਕ ਅਧਿਆਪਕ ਦਾ ਕੰਮ, ਮਕਸਦ ਅਤੇ ਜ਼ਿੰਮੇਵਾਰੀ ਹੈ – ਆਪਣੇ ਲੋਕਾਂ ਦੀ "ਪੂਰੇ ਦਿਲ ਨਾਲ ਉਸ ਦੀ ਭਾਲ ਕਰਨ" ਲਈ ਅਗਵਾਈ ਕਰਨਾ।

ਇਹ ਹਰੇਕ ਮਾਤਾ ਪਿਤਾ ਦਾ ਆਪਣੇ ਬੱਚਿਆਂ ਲਈ ਮਕਸਦ ਅਤੇ ਜ਼ਿੰਮੇਵਾਰੀ ਹੈ।

ਪ੍ਰਸ਼ਨ ਹੈ – **"ਉਸ ਦੀ ਪੂਰੇ ਦਿਲ ਨਾਲ ਭਾਲ"** ਕਰਨ ਲਈ ਇੱਕ ਵਿਅਕਤੀ ਨੂੰ ਕੀ ਪ੍ਰੇਰਿਤ ਕਰੇਗਾ।

ਉੱਤਰ ਯੂਹੰਨਾ 3:16 ਦੇ ਵਿੱਚ ਪਾਇਆ ਜਾਂਦਾ ਹੈ:

ਪਰਮੇਸ਼ਰ ਨੇ ਜਗਤ ਨੂੰ **ਅਜਿਹਾ ਪਿਆਰ ਕੀਤਾ** ਜੋ ਉਹ ਆਪਣਾ . . . ਪੁੱਤਰ **ਬਖ਼ਸ਼ ਦਿੱਤਾ**।

**ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ**। 1 ਯੂਹੰਨਾ 4:19

**ਪਿਆਰ ਪ੍ਰੇਰਨਾ ਹੈ।** ਸਾਡੀ ਸਾਰੀ ਸਿੱਖਿਆ, ਸਿਖਲਾਈ ਅਤੇ ਕੰਮ ਸਾਡੇ ਲੋਕਾਂ ਨੂੰ **ਯਿਸੂ ਮਸੀਹ ਦੇ ਲਈ** ਵੱਡੇ ਤੋਂ ਵੱਡੇ **ਪਿਆਰ** ਵਿੱਚ ਲੈ ਕੇ ਆਉਣਾ ਚਾਹੀਦਾ ਹੈ।

ਪਿਆਰ --> ਦਿੰਦਾ ਹੈ --> ਸਾਡੇ ਪਿਆਰ ਦੀ ਹੱਦ ਇਸ ਵਿੱਚ ਵੇਖੀ ਜਾਂਦੀ ਹੈ ਕਿ
ਅਸੀਂ ਕੀ ਅਤੇ ਕਿਵੇਂ ਦਿੰਦੇ ਹਾਂ!
ਆਪਣਾ ਆਪ > ਆਪਣਾ ਸਮਾਂ > ਆਪਣਾ ਧਨ

ਕਿਉਂਕਿ ਜਿੱਥੇ **ਤੇਰਾ ਧਨ ਹੈ** ਉੱਥੇ **ਤੇਰਾ ਮਨ** ਵੀ **ਹੋਵੇਗਾ।** ਮੱਤੀ 6:21

ਪਰਮੇਸ਼ੁਰ ਦਾ ਮਨ ਉਸ ਦੇ ਧਨ ਨਾਲ ਹੈ → ਲੋਕ!

**ਉਸ ਦੇ ਧਨ ਦੀ ਕੀਮਤ ਉਸ ਮੁੱਲ ਦੇ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ, ਜੋ ਉਸ ਨੇ ਖ਼ੀਦਣ ਲਈ ਦਿੱਤਾ।** (ਪਰਕਾਸ਼ ਦੀ ਪੋਥੀ 5:9)

ਲੂਕਾ 19:10 ਕਿਉਂ ਜੋ ਮਨੁੱਖ ਦਾ ਪੁੱਤਰ ਗੁਆਚੇ ਹੋਏ ਨੂੰ ਭਾਲਣ ਅਤੇ ਬਚਾਉਣ ਲਈ ਆਇਆ ਹੈ। ਲੋਕ!

ਪਿਆਰ ਪਿੱਛਾ ਕਰਦਾ ਹੈ --> ਸਾਡੇ ਪਿੱਛਾ ਕਰਨ ਦੀ ਹੱਦ ਸਾਡੇ ਪਿਆਰ ਦੁਆਰਾ ਨਿਰਧਾਰਤ ਕੀਤੀ ਜਾਂਦੀ ਹੈ

ਜਿੰਨਾ ਜ਼ਿਆਦਾ ਅਸੀਂ ਲੋਕਾਂ ਨੂੰ ਪ੍ਰਭੂ ਯਿਸੂ ਨਾਲ ਪਿਆਰ ਕਰਨ ਵਿੱਚ ਲੈ ਕੇ ਆ ਸਕਦੇ ਹਾਂ **ਓਨਾ ਜ਼ਿਆਦਾ ਉਹ ਆਪਣੇ ਪੂਰੇ ਦਿਲ ਨਾਲ ਉਸ ਦੇ ਪਿੱਛੇ ਚੱਲਣਗੇ।**

---

ਇੱਕ ਬਹੁਤ ਮਹੱਤਵਪੂਰਣ ਜੋੜ:

- ਪਾਸਬਾਨ ਅਤੇ ਆਗੂ ਹੋਣ ਦੇ ਨਾਤੇ ਸਾਡੇ ਲਈ ਇਹ ਜਾਣਨਾ ਵੀ ਜ਼ਰੂਰੀ ਹੈ ਕਿ **ਕੇਵਲ ਪਿਆਰ ਹੀ ਸਾਨੂੰ ਪਰਮੇਸ਼ੁਰ ਦੇ ਇੱਜੜ ਦੀ ਚਰਵਾਹੀ ਕਰਨ ਦੇ ਯੋਗ ਬਣਾਉਂਦਾ ਹੈ।**

ਯੂਹੰਨਾ 21:15-17 ਯਿਸੂ ਨੇ ਸ਼ਮਊਨ ਪਤਰਸ ਨੂੰ ਆਖਿਆ, ਹੇ ਸ਼ਮਊਨ ਯੂਹੰਨਾ ਦੇ ਪੁੱਤਰ **ਕੀ ਤੂੰ ਮੈਨੂੰ** ਇਨ੍ਹਾਂ ਨਾਲੋਂ ਵੱਧ **ਪਿਆਰ ਕਰਦਾ ਹੈਂ?** ਉਨ ਉਸ ਨੂੰ ਆਖਿਆ, ਹਾਂ ਪ੍ਰਭੂ ਜੀ ਤੂੰ ਜਾਣਦਾ ਹੈ ਜੋ ਮੈਂ ਤੇਰੇ ਨਾਲ ਹਿਤ ਕਰਦਾ ਹਾਂ। ਓਨ ਉਹ ਨੂੰ ਕਿਹਾ, **ਮੇਰੇ ਲੇਲਿਆਂ ਨੂੰ ਚਾਰ।** [16] ਉਸ ਨੇ ਫੇਰ **ਦੂਜੀ ਵਾਰ** ਉਹ ਨੂੰ ਕਿਹਾ, . . . **ਕੀ ਤੂੰ ਮੈਨੂੰ ਪਿਆਰ ਕਰਦਾ ਹੈਂ? . . . . ਮੇਰੀਆਂ ਭੇਡਾਂ ਦੀ ਰੱਛਿਆ ਕਰ।** [17] ਉਸ ਨੇ **ਤੀਜੀ ਵਾਰ** ਉਹ ਨੂੰ ਕਿਹਾ, . . . **ਕੀ ਤੂੰ ਮੇਰੇ ਨਾਲ ਹਿਤ ਕਰਦਾ ਹੈਂ? . . . . ਮੇਰੀਆਂ ਭੇਡਾਂ ਨੂੰ ਚਾਰ।**

ਪਾਸਬਾਨ ਹੋਣ ਅਤੇ ਸਿਖਾਉਣ ਲਈ ਪਿਆਰ ਪ੍ਰੇਰਨਾ ਹੋਣਾ ਚਾਹੀਦਾ ਹੈ

---

ਜਿੰਨਾ ਜ਼ਿਆਦਾ ਤੁਸੀਂ ਆਪਣੇ ਲੋਕਾਂ ਨੂੰ ਪ੍ਰਭੂ ਯਿਸੂ ਨਾਲ ਪਿਆਰ ਕਰਨ ਵਿੱਚ ਲੈ ਕੇ ਆ ਸਕਦੇ ਹੋ **ਓਨਾ ਜ਼ਿਆਦਾ ਉਹ ਆਪਣੇ ਸਾਰੇ ਦਿਲ ਨਾਲ ਉਸ ਦੇ ਪਿੱਛੇ ਚੱਲਣਗੇ।**

ਇੱਥੇ ਇੱਕ ਚੰਗੀ ਉਦਾਹਰਣ ਹੈ:

ਲੂਕਾ 7:36-50: ਫਰੀਸੀ ਅਤੇ ਪਾਪੀ

ਆਇਤਾਂ 36-38 **ਉਸ ਨੇ ਇਹ ਕਿਉਂ ਕੀਤਾ?** **ਉਹ ਪ੍ਰਭੂ ਨੂੰ ਪਿਆਰ ਕਰਦੀ ਸੀ।**

- ਉਹ ਵਿਸ਼ਵਾਸ ਕਰਦੀ ਸੀ ਕਿ ਯਿਸੂ ਪਰਮੇਸ਼ੁਰ ਦਾ ਪੁੱਤਰ ਮਸੀਹਾ ਸੀ।
- ਉਹ ਜਾਣਦੀ ਸੀ ਕਿ ਉਹ ਪਾਪੀ ਸੀ ਅਤੇ ਉਸ ਨੂੰ ਮਾਫੀ ਦੀ ਲੋੜ ਸੀ।
- ਉਹ ਜਾਣਦੀ ਸੀ ਕਿ ਜੋ ਉਹ **ਕਰ ਰਹੀ ਹੈ ਅਤੇ ਦੇ ਰਹੀ ਹੈ** ਉਸ ਸਭ ਦੇ ਉਹ ਯੋਗ ਸੀ।
- ਉਸ ਦੇ **ਪਿਆਰ** ਨੇ ਉਸ ਦੇ ਕੰਮ ਨੂੰ ਪ੍ਰੇਰਿਤ ਕੀਤਾ ਅਤੇ ਉਸ ਨੂੰ ਇਸ ਦੇ ਲਈ ਅੰਨ੍ਹਾਂ ਵੀ ਕਰ ਦਿੱਤਾ:

(1) ਇਸ ਦਾ ਡਰ ਕਿ ਲੋਕ ਉਸ ਦੇ ਬਾਰੇ ਕੀ ਸੋਚਦੇ ਹਨ।

ਪ੍ਰੇਮ ਵਿੱਚ ਧੜਕਾ ਨਹੀਂ 1 ਯੂਹੰਨਾ 4:18

ਅਤੇ (2) ਪੈਸੇ, ਚੀਜ਼ਾਂ ਅਤੇ ਭਵਿੱਖ ਦੀ ਬੰਦੋਬਸਤ ਲਈ ਉਸ ਦਾ ਪਿਆਰ ਅਤੇ ਚਿੰਤਾ।

- **ਉਹ ਪਿਆਰ ਕਰਦੀ ਸੀ ਅਤੇ ਕੇਵਲ ਇੱਕ ਚੀਜ਼ ਭਾਲਦੀ ਸੀ –**
  **ਪ੍ਰਭੂ ਯਿਸੂ ਮਸੀਹ ਨੂੰ।**

ਆਇਤਾਂ 39-46

ਇਹ ਇਨ੍ਹਾਂ ਦੇ ਵਿਚਕਾਰ ਇੱਕ ਭਿੰਨਤਾ ਹੈ: ਇੱਕ ਸਖ਼ਤ ਧਰਮੀ ਦਿਲ ਅਤੇ ਇੱਕ (2) **ਪਿਆਰ** ਨਾਲ ਭਰਪੂਰ ਸ਼ੁਕਰਗੁਜ਼ਾਰ ਦਿਲ ਜੋ ਅਰਾਧਨਾ ਕਰਦਾ, ਸਮਾਂ ਅਤੇ ਧਨ ਦਿੰਦਾ ਹੈ।

ਆਇਤਾਂ 47-50 . . . . ਉਸ ਨੇ ਉਸ ਇਸਤਰੀ ਨੂੰ ਆਖਿਆ, ਤੇਰੀ ਨਿਹਚਾ ਨੇ ਤੈਨੂੰ ਬਚਾਇਆ ਹੈ

**ਉਸ ਦਾ ਵਿਸ਼ਵਾਸ ਯਿਸੂ ਲਈ ਉਸ ਦੇ ਪਿਆਰ ਦੁਆਰਾ ਪ੍ਰੇਰਿਤ ਕੀਤਾ ਗਿਆ ਸੀ।**

ਨਿਹਚਾ ਤੋਂ ਜਿਹੜੀ ਪ੍ਰੇਮ ਦੇ ਰਾਹੀਂ ਗੁਣਕਾਰ ਹੁੰਦੀ ਹੈ। ਗਲਾਤੀਆਂ 5:6 ਅਤੇ ਯਾਕੂਬ 2:20, 26

- **ਜਿੰਨਾ ਜ਼ਿਆਦਾ ਸਾਡਾ ਵਿਸ਼ਵਾਸ ਵਧਦਾ ਹੈ – ਓਨਾ ਜ਼ਿਆਦਾ ਸਾਡਾ ਪਿਆਰ ਵਧਦਾ ਹੈ**

- ਜਿੰਨਾ ਜ਼ਿਆਦਾ ਅਸੀਂ ਜਾਣਦੇ ਹਾਂ ਕਿ ਅਸੀਂ ਕਿੰਨੇ ਪਾਪੀ ਹਾਂ, ਓਨੇ ਜ਼ਿਆਦਾ ਅਸੀਂ ਸ਼ੁਕਰਗੁਜ਼ਾਰ ਹੁੰਦੇ ਹਾਂ, ਅਤੇ **ਓਨਾ ਜ਼ਿਆਦਾ ਯਿਸੂ ਮਸੀਹ ਲਈ ਸਾਡਾ ਪਿਆਰਾ ਵਧਦਾ ਹੈ।**

- **ਵਿਸ਼ਵਾਸ ਅਤੇ ਕਰਮ ਨਾਲ-ਨਾਲ ਚੱਲਦੇ ਹਨ – ਜਦੋਂ ਪਿਆਰ ਦੁਆਰਾ ਪ੍ਰੇਰਿਤ ਹੁੰਦੇ ਹਨ।** ਯਾਕੂਬ 2:20, 26

ਮਸਲਾ ਅਤੇ ਸਭ ਤੋਂ ਜ਼ਿਆਦਾ ਮਹੱਪਵਪੂਰਣ ਅਤੇ ਮੁੱਖ ਗੱਲ ਹੈ →
ਯਿਸੂ ਲਈ ਸਾਡਾ ਪਿਆਰ!

ਯਿਸੂ ਲਈ ਪਿਆਰ ਓਨਾ ਚਿੰਤਾਵਾਂ ਅਤੇ ਸਮੱਸਿਆ ਨੂੰ ਵੇਖਦਾ ਹੈ ਜਿੰਨਾ ਦਾ ਪਾਸਬਾਨ ਆਪਣੇ ਲੋਕਾਂ ਨਾਲ ਸਾਹਮਣਾ ਕਰਦਾ ਹੈ।

ਅਤੇ ਯਿਸੂ ਲਈ ਸਾਡਾ ਪਿਆਰ ਇਸ ਦੇ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ:

(1) ਅਸੀਂ ਉਸ ਦੀ ਸਲੀਬ ਨੂੰ ਕਿੰਨਾ ਸਪੱਸ਼ਟ ਰੂਪ ਵਿੱਚ ਵੇਖਦੇ ਹਾਂ ਅਤੇ ਉਸ ਪਿਆਰ ਨੂੰ ਜੋ ਉਸ ਨੂੰ ਉੱਥੇ ਲੈ ਕੇ ਗਿਆ, ਅਤੇ ਉਸ ਪਿਆਰ ਨੂੰ ਜਿਸ ਨੇ ਉਸ ਨੂੰ ਸਾਡੇ ਛੁਟਕਾਰੇ ਲਈ ਉੱਥੇ ਰੱਖਿਆ।

(2) ਅਤੇ ਕਿੰਨਾ ਸਪੱਸ਼ਟ ਰੂਪ ਵਿੱਚ ਅਸੀਂ ਆਪਣੇ ਪਾਪ ਨੂੰ ਵੇਖਦੇ ਹਾਂ।

**ਯਿਸੂ ਲਈ ਸਾਡੇ ਪਿਆਰ ਨੂੰ ਇਸ ਦੇ ਦੁਆਰਾ ਮਾਪਿਆ ਜਾ ਸਕਦਾ ਹੈ:**

1. ਅਸੀਂ ਕਿੰਨੀ ਤੋਬਾ ਕਰਦੇ ਹਾਂ (1 ਥੱਸਲੁਨੀਕੀਆਂ 1:9)
   (ਅਸੀਂ ਪਾਪ ਤੋਂ ਕਿੰਨਾ ਮੁੜਦੇ ਹਾਂ ਅਤੇ ਕਿੰਨਾ ਯਿਸੂ ਕੋਲ ਮਾਫੀ ਲਈ ਆਉਂਦੇ ਹਾਂ)

2. ਅਸੀਂ ਦੂਸਰਿਆਂ ਸਾਹਮਣੇ ਕਿੰਨਾ ਦਲੇਰ ਹਾਂ (ਉਹ ਬਹੁਤ ਦਲੇਰ ਸੀ)

3. ਸਾਡੀ ਅਰਾਧਨਾ ਕਿੰਨੀ ਖਰਚੀਲੀ ਹੈ (ਉਹ ਦੀ ਅਰਾਧਨਾ ਬਹੁਤ ਜ਼ਿਆਦਾ ਖਰਚੀਲੀ ਸੀ)

4. **ਅਸੀਂ ਕਿੰਨਾ ਜ਼ਿਆਦਾ ਦਿੰਦੇ ਹਾਂ**

ਸਾਡੇ ਪਿਆਰ ਦੀ ਹੱਦ ਇਸ ਵਿੱਚ ਵਿਖਾਈ ਦਿੰਦੀ ਹੈ **→ ਸਾਡਾ ਦੇਣਾ**

ਤੁਸੀਂ ਇੱਕ ਪਾਪੀ ਦੇ ਸ਼ੁਕਰਗੁਜ਼ਾਰ ਹੋਣ ਬਾਰੇ ਉਸ ਦੇ ਅਰਾਧਨਾ ਅਤੇ ਪ੍ਰਸ਼ੰਸ਼ਾ ਵਿੱਚ **ਦੇਣ** ਦੁਆਰਾ ਦਸ ਸਕਦੇ ਹੋ।

ਇੱਕ ਦੂਸਰੇ ਲਈ ਸਾਡੇ ਪਿਆਰ / ਸਾਡੀ ਪ੍ਰਸ਼ੰਸ਼ਾ ਦੀ ਹੱਦ ਉਸ ਦੇ ਮਾਪੀ ਜਾਂ ਵੇਖੀ ਜਾ ਸਕਦੀ ਹੈ ਕਿ ਅਸੀਂ ਉਨ੍ਹਾਂ ਲਈ ਕੀ ਕਰਦੇ ਹਾਂ!

ਪ੍ਰਭੂ ਲਈ . . . ਅਤੇ . . . ਸਾਡੀ ਪਤਨੀ ਜਾਂ ਪਤੀ ਲਈ
ਮੱਤੀ 7:20 ਸੋ ਤੁਸੀਂ ਉਨ੍ਹਾਂ ਦੇ ਫਲਾਂ ਤੋਂ ਉਨ੍ਹਾਂ ਨੂੰ ਪਛਾਣੋਗੇ।

---

ਜਦੋਂ ਅਸੀਂ ਲੋਕਾਂ ਦੀ ਇਹ ਸਮਝਣ ਵਿੱਚ ਸਹਾਇਤਾ ਕਰਦੇ ਹਾਂ – ਯਿਸੂ ਉਨ੍ਹਾਂ ਨੂੰ ਕਿੰਨਾ ਪਿਆਰ ਕਰਦਾ ਹੈ – ਉਹ ਅਸਲ ਵਿੱਚ ਕਿੰਨੇ ਕੀਮਤੀ ਹਨ – ਉਹ ਪ੍ਰਭੂ ਨੂੰ ਭਾਲਣਗੇ।

1 ਯੂਹੰਨਾ 4:19 **ਅਸੀਂ ਪ੍ਰੇਮ ਕਰਦੇ ਹਾਂ ਇਸ ਲਈ ਜੋ ਪਹਿਲਾਂ ਉਹ ਨੇ ਸਾਡੇ ਨਾਲ ਪ੍ਰੇਮ ਕੀਤਾ।**

ਇਸ ਲਈ ਪ੍ਰਸ਼ਨ ਇਹ ਹੈ: ਉਹ ਸਾਨੂੰ ਕਿੰਨਾ ਪਿਆਰ ਕਰਦਾ ਹੈ?

ਅਤੇ ਉੱਤਰ ਹੇਠ ਦਿੱਤੀਆਂ ਵਿੱਚ ਉੱਤਮ ਰੂਪ ਵਿੱਚ ਵੇਖਿਆ ਜਾਂਦਾ ਹੈ ਅਤੇ ਸਿੱਖਿਆ ਜਾਂਦਾ ਹੈ:

ਫਿਲਿੱਪੀਆਂ 2:2-11
ਕੁਲੁੱਸੀਆਂ 2:13-15

2 ਕੁਰਿੰਥੀਆਂ 5:18-21
ਪਰਕਾਸ਼ ਦੀ ਪੋਥੀ 5:9
ਯਸਾਯਾਹ 53

ਪਵਿੱਤਰ ਆਤਮਾ ਦੀ ਆਤਮਾ ਦੀ ਅਗਵਾਈ ਵਿੱਚ ਰਹਿ ਕੇ ਉਨ੍ਹਾਂ ਨੂੰ ਹੌਲੀ-ਹੌਲੀ ਅਤੇ ਗਹਿਰਾਈ ਵਿੱਚ ਸਿਖਾਓ।

ਜਿਸ ਹੱਦ ਤੱਕ ਅਸੀਂ ਇਸ ਨੂੰ ਸਮਝਦੇ ਹਾਂ ਅਤੇ ਜਿਸ ਹੱਦ ਤੱਕ ਇਹ ਸਾਡੇ ਮਨਾਂ ਅਤੇ ਦਿਲਾਂ ਉੱਤੇ ਕਾਬੂ ਪਾ ਲੈਂਦਾ ਹੈ, ਉਸ ਹੱਦ ਤੱਕ ਅਸੀਂ ਪਰਮੇਸ਼ੁਰ ਨੂੰ ਪਿਆਰ ਕਰਾਂਗੇ ਅਤੇ ਭਾਲਾਂਗੇ।

2 ਕੁਰਿੰਥੀਆਂ 5:14-15 **ਮਸੀਹ ਦਾ ਪ੍ਰੇਮ ਸਾਨੂੰ ਮਜਬੂਰ ਕਰ ਲੈਂਦਾ ਹੈ** (ਸਾਨੂੰ ਫੜਦਾ ਹੈ, ਸਾਨੂੰ ਮਜ਼ਬੂਰ ਕਰਦਾ ਹੈ) ਕਿਉਂ ਜੋ **ਅਸੀਂ ਇਹ ਵਿਚਾਰ ਕਰਦੇ ਹਾਂ** (ਸਾਨੂੰ ਪੂਰੀ ਤਰ੍ਹਾਂ ਨਾਲ ਇਸ ਸਿੱਟੇ ਉੱਤੇ ਪਹੁੰਚਣਾ ਚਾਹੀਦਾ ਹੈ) ਭਈ ਇੱਕ ਸਭਨਾਂ ਦੇ ਲਈ ਮੋਇਆ ਇਸੇ ਕਰਕੇ ਸੱਭੇ ਮੋਏ। [15] ਅਤੇ ਉਹ ਸਭਨਾਂ ਦੇ ਲਈ ਮੋਇਆ ਭਈ ਜਿਹੜੇ ਜੀਉਂਦੇ ਹਨ ਓਹ ਅਗਾਹਾਂ ਨੂੰ ਆਪਣੇ ਲਈ ਨਹੀਂ ਸਗੋਂ ਉਹ ਦੇ ਲਈ ਜੀਉਣ ਜਿਹੜਾ ਉਨ੍ਹਾਂ ਦੇ ਲਈ ਮੋਇਆ ਅਤੇ ਫੇਰ ਜੀ ਉੱਠਿਆ।

ਹਰ ਪਾਸਬਾਨ ਅਤੇ ਆਗੂ ਦੇ ਲਈ ਇਹ ਚਣੌਤੀ ਹੈ ਅਤੇ ਟੀਚਾ ਹੈ - ਜੋ ਕੁਝ ਵੀ ਉਹ ਆਪਣੇ ਲੋਕਾਂ ਦੇ ਮਨਾਂ ਨੂੰ ਯਿਸੂ ਨਾਲ ਪਿਆਰ ਕਰਨ ਲਈ ਖੋਲਣ ਲਈ ਕਰ ਸਕਦੇ ਹਨ, ਉਹ ਕਰਨਾ। ਇਹ ਚੇਲੇ ਬਣਾਉਣਾ ਹੈ।

ਯਿਰਮਿਯਾਹ 29:13 **ਤੁਸੀਂ ਮੈਨੂੰ ਭਾਲੋਗੇ ਅਤੇ ਲੱਭੋਗੇ, ਜਦ ਤੁਸੀਂ ਆਪਣੇ ਸਾਰੇ ਦਿਲ ਨਾਲ ਮੈਨੂੰ ਭਾਲੋਗੇ।** [14] **ਮੈਂ ਤੁਹਾਨੂੰ ਲੱਭਾਂਗਾ,** ਯਹੋਵਾਹ ਦਾ ਵਾਕ ਹੈ।

ਬਹੁਤ ਹੀ ਘੱਟ ਵਿਸ਼ਵਾਸੀ ਸੱਚਮੁੱਚ "ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲ ਨਾਲ ਭਾਲਦੇ ਹਨ"।
ਕਿਉਂ?
ਅਸੀਂ ਪਾਸਬਾਨ ਅਤੇ ਆਗੂ ਹੁੰਦੇ ਹੋਏ ਮੁੱਖ ਚੀਜ਼ ਉੱਤੇ ਧਿਆਨ ਨਹੀਂ ਦਿੰਦੇ → **ਪਿਆਰ**

1 ਕੁਰਿੰਥੀਆਂ 13 ਆਇਤ 8 ਪ੍ਰੇਮ ਕਦੇ ਟਲਦਾ ਨਹੀਂ ਆਇਤ 13 ਹੁਣ ਤਾਂ ਨਿਹਚਾ, ਆਸ਼ਾ, ਪ੍ਰੇਮ, ਇਹ ਤਿੰਨੇ ਰਹਿੰਦੇ ਹਨ ਪਰ **ਏਹਨਾਂ ਵਿੱਚੋਂ ਉੱਤਮ ਪ੍ਰੇਮ ਹੀ ਹੈ।**

ਯੂਹੰਨਾ ਬਪਤਿਸਮਾ ਦੇਣ ਵਾਲੇ ਦੀ ਉਦਾਹਰਣ:

**ਯੂਹੰਨਾ 1:35** ਦੂਜੇ ਦਿਨ ਯੂਹੰਨਾ ਅਤੇ ਉਹ ਦੇ ਚੇਲਿਆਂ ਵਿੱਚੋਂ **ਦੋ** ਜਣੇ ਖਲੋਤੇ ਹੋਏ ਸਨ।

ਆਇਤ 1 **ਕੇਵਲ ਦੋ ਚੇਲੇ!** ਯੂਹੰਨਾ ਨੇ ਭੀੜ ਨੂੰ ਬਪਤਿਸਮਾ ਦਿੱਤਾ (ਲੂਕਾ 3:10)

**ਕੇਵਲ ਦੋ ਹੀ ਕਿਉਂ**??? **ਬਾਕੀ ਕਿੱਥੇ ਸਨ ????**

ਇਨ੍ਹਾਂ ਦੋ ਚੇਲਿਆਂ ਦੀ **ਤਰਜੀਹ** ਯਿਸੂ ਜੋ ਮਸੀਹਾ ਨੂੰ ਭਾਲਣਾ ਸੀ ਅਤੇ ਉਸ ਦੇ ਬਾਰੇ ਹੋਰ ਜਾਣਨ ਦੀ ਇੱਛਾ ਸੀ।

ਯਿਸੂ ਨੇ ਸਾਨੂੰ ਦੱਸਿਆ ਕਿ ਬੀਜ ਬੀਜਣ ਵਾਲੇ ਦੇ ਦ੍ਰਿਸ਼ਟਾਂਤ ਵਿੱਚ **ਥੋੜ੍ਹੇ ਹੀ ਕਿਉਂ ਹਨ: ਮਰਕੁਸ** 4:19+

ਬੀਜ = ਬਚਨ ਅਤੇ 4 ਕਿਸਮ ਦੇ ਲੋਕ:

- ਪਹੇ ਦੇ **ਕਨਾਰੇ** – **ਸ਼ਤਾਨ** ਓਵੇਂ ਆਣ ਕੇ ਉਸ ਬਚਨ ਨੂੰ ਲੈ ਜਾਂਦਾ ਹੈ

- **ਪਥਰੇਲਿਆਂ** ਥਾਵਾਂ – **ਦੁਖ ਵਿੱਚ ਪੈਂਦੇ** ਯਾ **ਸਤਾਏ ਜਾਂਦੇ ਹਨ** ਤਾਂ ਝੱਟ ਠੋਕਰ ਖਾਂਦੇ ਹਨ।

- **ਕੰਡਿਆਲਿਆਂ** – ਦੁਨੀਆ ਦੀ **ਚਿੰਤਾ** ਅਰ **ਧਨ** ਦਾ ਧੋਖਾ ਅਰ ਹੋਰਨਾਂ **ਚੀਜ਼ਾਂ** (**ਭੋਗ ਬਿਲਾਸ** ਲੂਕਾ 8:14) ਦਾ ਲੋਭ ਆਣ ਕੇ ਬਚਨ ਨੂੰ ਦਬਾ ਲੈਂਦੇ ਹਨ ਅਤੇ ਉਹ ਅਫਲ ਰਹਿੰਦਾ ਹੈ।

- **ਚੰਗੀ ਜਮੀਨ** – ਜਿਹੜੇ ਬਚਨ ਨੂੰ ਸੁਣ ਕੇ ਮੰਨ ਲੈਂਦੇ ਅਤੇ **ਫਲ ਦਿੰਦੇ ਹਨ**, ਕੁਝ ਤੀਹ, ਗੁਣਾ ਕੁਝ ਸੱਠ, ਗੁਣਾ ਕੁਝ, ਸੌ ਗੁਣਾ।

**ਚਿੰਤਾਵਾਂ:** ਬਚਨ ਨੂੰ ਦਬਾ ਲੈਂਦੀਆਂ ਹਨ ਮੱਤੀ 6:25-33 . . . ਮੈਂ ਤੁਹਾਨੂੰ ਆਖਦਾ ਹਾਂ ਜੋ ਆਪਣੇ ਪ੍ਰਾਣਾਂ ਦੇ ਲਈ **ਚਿੰਤਾ ਨਾ ਕਰੋ** ਭਈ ਅਸੀਂ ਕੀ ਖਾਵਾਂਗੇ ਯਾ ਕੀ ਪੀਵਾਂਗੇ ਅਤੇ ਨਾ ਆਪਣੇ ਸਰੀਰ ਦੇ ਲਈ ਜੋ ਕੀ ਪਹਿਨਾਂਗੇ? ਭਲਾ . . ਉਹ ਤੁਹਾਨੂੰ ਉਸ ਤੋਂ ਵੱਧ ਨਾ ਪਹਿਨਾਵੇਗਾ? (31) ਸੋ **ਤੁਸੀਂ ਚਿੰਤਾ ਕਰ ਕੇ ਇਹ ਨਾ ਕਹੋ . . .** ਤੁਹਾਡਾ ਸੁਰਗੀ ਪਿਤਾ ਜਾਣਦਾ ਹੈ ਜੋ ਤੁਹਾਨੂੰ ਇਨ੍ਹਾਂ ਸਭਨਾਂ **ਵਸਤਾਂ** ਦੀ ਲੋੜ ਹੈ। (33) ਪਰ ਤੁਸੀਂ **ਪਹਿਲਾਂ** ਉਹ ਦੇ ਰਾਜ ਅਤੇ ਉਹ ਦੇ ਧਰਮ ਨੂੰ **ਭਾਲੋ** ਤਾਂ **ਤੁਹਾਨੂੰ ਏਹ ਸਾਰੀਆਂ ਵਸਤਾਂ ਵੀ ਦਿੱਤੀਆਂ ਜਾਣਗੀਆਂ**।

ਫਿਲਿੱਪੀਆਂ 4:6-7 **ਕਿਸੇ ਗੱਲ ਦੀ ਚਿੰਤਾ ਨਾ ਕਰੋ** ਸਗੋਂ ਹਰ ਗੱਲ ਵਿੱਚ ਤੁਹਾਡੀਆਂ ਅਰਦਾਸਾਂ ਪ੍ਰਾਰਥਨਾ ਅਤੇ ਬੇਨਤੀ ਨਾਲ **ਧੰਨਵਾਦ** ਸਣੇ ਪਰਮੇਸ਼ਰ ਦੇ ਅੱਗੇ ਕੀਤੀਆਂ ਜਾਣ (7) ਅਤੇ ਪਰਮੇਸ਼ਰ ਦੀ ਸ਼ਾਂਤੀ ਜੋ ਸਾਰੀ ਸਮਝ ਤੋਂ ਪਰੇ ਹੈ ਮਸੀਹ ਯਿਸੂ ਵਿੱਚ ਤੁਹਾਡਿਆਂ **ਮਨਾਂ** ਅਤੇ **ਸੋਚਾਂ** ਦੀ ਰਾਖੀ ਕਰੇਗੀ।

ਤੀਤੁਸ 2:11-12 ਕਿਉਂ ਜੋ ਪਰਮੇਸ਼ਰ ਦੀ **ਕਿਰਪਾ** ਸਭਨਾਂ ਮਨੁੱਖਾਂ ਦੀ ਮੁਕਤੀ ਲਈ ਪਰਗਟ ਹੋਈ … ਸਾਨੂੰ ਤਾੜਨਾ ਦਿੰਦੀ ਹੈ ਭਈ ਅਸੀਂ ਅਭਗਤੀ ਅਤੇ **ਸੰਸਾਰੀ ਵਿਸ਼ਿਆਂ** ਤੋਂ ਮਨ ਫੇਰ ਕੇ ਇਸ ਵਰਤਮਾਨ ਜੁੱਗ ਵਿੱਚ **ਸੁਰਤ, ਧਰਮ** ਅਤੇ **ਭਗਤੀ** ਨਾਲ ਉਮਰ ਬਤੀਤ ਕਰੀਏ।

**ਧਨ:** ਬਚਨ ਨੂੰ ਦਬਾ ਲੈਂਦਾ ਹੈ ਲੂਕਾ 16:1, 10-15 ਤੁਸੀਂ ਪਰਮੇਸ਼ਰ ਅਤੇ **ਮਾਯਾ** ਦੋਹਾਂ ਦੀ ਸੇਵਾ ਨਹੀਂ ਕਰ ਸੱਕਦੇ ਹੋ। 1 ਤਿਮੋਥਿਉਸ 6:9 ਪਰ ਓਹ ਜਿਹੜੇ **ਧਨਵਾਨ** ਬਣਿਆ **ਚਾਹੁੰਦੇ** ਹਨ ਸੋ **ਪਰਤਾਵੇ** ਅਤੇ **ਫਾਹੀ** ਵਿੱਚ ਅਤੇ ਬਹੁਤਿਆਂ ਮੂਰਖਪੁਣੇ ਦਿਆਂ ਅਤੇ **ਨੁਕਸਾਨ ਕਰਨ ਵਾਲਿਆਂ ਵਿਸ਼ਿਆਂ** ਵਿੱਚ ਪੈਂਦੇ ਹਨ ਜੋ ਮਨੁੱਖਾਂ ਨੂੰ **ਤਬਾਹੀ** ਅਤੇ **ਨਾਸ** ਦੇ ਸਮੁੰਦਰ ਵਿੱਚ ਡੋਬ ਦਿੰਦੇ ਹਨ।

ਇਬਰਾਨੀਆਂ 13:5 ਤੁਸੀਂ **ਮਾਇਆ ਦੇ ਲੋਭ ਤੋਂ ਰਹਿਤ ਰਹੋ**। ਜੋ ਕੁਝ ਤੁਹਾਡੇ ਕੋਲ ਹੈ ਉਸ ਉੱਤੇ **ਸੰਤੋਖ** ਕਰੋ। 1 ਤਿਮੋਥਿਉਸ 3:3; 6:10

**ਚੀਜ਼ਾਂ / ਭੋਗ ਬਿਲਾਸ** (ਲੂਕਾ 8:14) ਬਚਨ ਨੂੰ ਦਬਾ ਲੈਂਦੇ ਹਨ

1 ਯੂਹੰਨਾ 2:15 ਸੰਸਾਰ ਨਾਲ ਮੋਹ ਨਾ ਰੱਖੋ, ਨਾ ਉਨ੍ਹਾਂ **ਵਸਤਾਂ** ਨਾਲ ਜੋ ਸੰਸਾਰ ਵਿੱਚ ਹਨ।

1 ਤਿਮੋਥਿਉਸ 6:8 ਪਰ ਜਦੋਂ ਸਾਨੂੰ ਭੋਜਨ ਬਸਤਰ ਮਿਲਿਆ ਹੋਇਆ ਹੈ ਤਾਂ ਸਾਡੇ ਲਈ ਇਹੋ **ਬਥੇਰਾ** ਹੈ।

---

**ਪੌਲੁਸ ਦਾ ਮਨ:** ਫਿਲਿੱਪੀਆਂ 3:7-9 ਪਰ ਜਿਹੜੀਆਂ **ਗੱਲਾਂ** ਮੇਰੇ ਲਾਭ ਦੀਆਂ ਸਨ ਮੈਂ ਉਨ੍ਹਾਂ ਨੂੰ ਮਸੀਹ ਦੇ ਕਾਰਨ **ਹਾਨ** ਦੀਆਂ ਸਮਝਿਆ। (8) ਸਗੋਂ **ਮਸੀਹ ਯਿਸੂ ਆਪਣੇ ਪ੍ਰਭੂ ਦੇ ਗਿਆਨ ਦੀ ਉੱਤਮਤਾਈ ਦੇ ਕਾਰਨ ਸਾਰੀਆਂ ਗੱਲਾਂ** ਨੂੰ ਮੈਂ ਹਾਨ ਦੀਆਂ ਹੀ ਸਮਝਦਾ ਹਾਂ ਅਤੇ ਉਹ ਦੀ ਖਾਤਰ ਮੈਂ ਇਨ੍ਹਾਂ **ਸਭਨਾਂ ਗੱਲਾਂ** ਦੀ ਹਾਨ ਝੱਲੀ ਅਤੇ ਉਨ੍ਹਾਂ ਨੂੰ ਕੂੜਾ ਸਮਝਦਾ ਹਾਂ **ਭਈ ਮੈਂ ਮਸੀਹ ਨੂੰ ਖੱਟ ਲਵਾਂ** (9) ਅਤੇ ਮੈਂ ਉਸ ਵਿੱਚ ਪਾਇਆ (ਜਾਂ ਨਾਲ) ਜਾਵਾਂ

ਆਈਜ਼ਕ ਵਾਟਸ ਆਪਣੇ ਭਜਨ ਵਿੱਚ: ਜਦੋਂ ਉਸ ਨੇ "ਜਦੋਂ ਮੈਂ ਅਦਭੁਤ ਸਲੀਬ ਦਾ ਸਰਵੇਖਣ ਕਰਦਾ ਹਾ" ਲਿਖਿਆ, ਉਸ ਨੇ **"ਚੀਜ਼ਾਂ"** ਦਾ ਫਾਹੀ ਨੂੰ ਵੀ ਜਾਣਿਆ: ਅਜਿਹਾ ਕਦੇ ਨਾ ਹੋਵੇ ਕਿ ਮੈਂ ਘਮੰਡ ਕਰਾਂ - ਮੇਰੇ ਰਾਜਾ ਮਸੀਹ ਦੀ ਸਲੀਬ ਵਿੱਚ ਬਚਾਇਆ ਜਾਵਾਂ - ਅਤੇ **ਸਾਰੀਆਂ ਵਿਅਰਥ ਚੀਜ਼ਾਂ** ਜੋ **ਮੈਨੂੰ ਸਭ ਤੋਂ ਜ਼ਿਆਦਾ ਲੁਭਾਉਂਦੀਆਂ ਹਨ - ਮੈਂ ਪਾਸੇ ਕਰਦਾ ਹਾਂ, ਮੈਂ ਕੇਵਲ ਸਲੀਬ ਨਾਲ ਚਿੰਬੜਿਆ ਰਹਿੰਦਾ ਹਾਂ।**

- ਇਹ ਸਮੱਸਿਆ ਹੈ - **ਚੀਜ਼ਾਂ ਸਾਨੂੰ ਲੁਭਾਉਂਦੀਆਂ ਹਨ** . . . ਆਪਣਾ ਸਮਾਂ ਅਤੇ ਧਿਆਨ ਦੇਵੋ

**ਇਹ ਦਿਲ / ਤਰਜੀਹਾਂ / ਤੁਸੀਂ ਕਿਸ ਨੂੰ ਪਿਆਰ ਕਰਦੇ ਹੋ ਦਾ ਮਸਲਾ ਹੈ।**

ਕਿਉਂਕਿ ਜਿੱਥੇ ਤੇਰਾ ਧਨ ਹੈ ਉੱਥੇ ਤੇਰਾ ਮਨ ਵੀ ਹੋਵੇਗਾ। ਮੱਤੀ 6:21

**ਇਹੋ ਮੁੱਖ ਕਾਰਨ ਹਨ ਕਿ ਕਿਉਂ ਹਮੇਸ਼ਾ > ਥੋੜ੍ਹੇ** ਹੁੰਦੇ ਹਨ **:o(**

---

**ਲੂਕਾ 17:11-19** **ਭਲਾ, ਦਸੇ ਸ਼ੁੱਧ ਨਹੀਂ ਹੋਏ? ਤਾਂ ਓਹ ਨੌ ਕਿੱਥੇ ਹਨ?**

- ਆਇਤ 9 ਕੇਵਲ ਉਨ੍ਹਾਂ ਦੀ ਚੰਗਾਈ ਦੇ ਬਾਰੇ ਹੈ ਪਰ ਯਿਸੂ ਦੇ ਉਨ੍ਹਾਂ ਨਾਲ ਸਬੰਧ ਦੇ ਬਾਰੇ ਨਹੀਂ ਹੈ। ਇੱਕੋ ਚੀਜ਼ ਜਿਸ ਨਾਲ ਉਹ ਪਿਆਰ ਕਰਦੇ ਸਨ, ਇਹ ਸੀ ਕਿ ਉਹ ਚੰਗੇ ਹੋ ਗਏ ਸਨ।
- ਕਿੰਨੀਆਂ ਬਰਕਤਾਂ ਅਸੀਂ ਪ੍ਰਾਪਤ ਕਰਦੇ ਹਾਂ ਅਤੇ ਆਪਣੇ ਰਾਹ ਉੱਤੇ ਖ਼ੁਸ਼ੀ ਨਾਲ ਚੱਲਦੇ ਹਾਂ?

ਯਿਸੂ ਨੇ ਭੀੜਾਂ ਨੂੰ ਸਿਖਾਇਆ > ਪਰ ਕੌਣ ਸੱਚਮੁੱਚ ਉਸ ਦੇ ਪਿੱਛੇ ਚੱਲਿਆ??

ਯੂਹੰਨਾ 6:2 ਅਤੇ ਵੱਡੀ ਭੀੜ ਉਹ ਦੇ ਮਗਰ ਹੋ ਤੁਰੀ **ਕਿਉਂਕਿ ਉਨ੍ਹਾਂ ਨੇ ਓਹ ਨਿਸ਼ਾਨ ਡਿੱਠੇ** ਜਿਹੜੇ ਉਸ ਨੇ ਰੋਗੀਆਂ ਉੱਤੇ ਵਿਖਾਏ ਸਨ।

ਯੂਹੰਨਾ 6:26 ਯਿਸੂ ਨੇ ਉਨ੍ਹਾਂ ਨੂੰ ਉੱਤਰ ਦਿੱਤਾ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ, **ਤੁਸੀਂ ਮੈਨੂੰ** ਇਸ ਲਈ ਨਹੀਂ **ਭਾਲਦੇ** ਜੋ ਤੁਸੀਂ ਨਿਸ਼ਾਨ ਵੇਖੇ ਪਰ **ਇਸ ਲਈ ਜੋ ਤੁਸੀਂ ਉਨ੍ਹਾਂ ਰੋਟੀਆਂ ਵਿੱਚੋਂ ਖਾ ਕੇ** ਰੱਜ ਗਏ।

ਉਸ ਨੇ ਬਾਰਾਂ ਚੇਲਿਆਂ ਨੂੰ ਬੁਲਾਇਆ - ਪਰ ਕੁਝ ਦੂਸਰਿਆਂ ਨਾਲੋਂ ਉਸ ਦੇ ਜ਼ਿਆਦਾ ਨੇੜੇ ਸਨ

12 ਚੇਲਿਆਂ ਵਿੱਚੋਂ > 3 ਬਾਕੀਆਂ ਨਾਲੋਂ ਜ਼ਿਆਦਾ ਉਸ ਦੇ ਮਗਰ ਚੱਲੇ
3 ਵਿੱਚੋਂ > 1 ਉਸ ਦੇ ਮਗਰ ਦੂਸਰਿਆਂ ਨਾਲੋਂ ਜ਼ਿਆਦਾ ਚੱਲਿਆ:
**ਯੂਹੰਨਾ** 13:21+

---

ਯੂਹੰਨਾ ਦੇ **ਇਹ ਦੋ** ਚੇਲਿਆਂ ਦੀ – ਸਾਰੀਆਂ ਚੀਜ਼ਾਂ / ਉਨ੍ਹਾਂ ਦੀ ਭੁੱਖ ਤੋਂ ਉਤਾਂਹ ਇਹ ਇੱਛਾ / ਤਰਜੀਹ ਸੀ ->

**ਉਸ ਨੂੰ** ਜ਼ਿਆਦਾ ਨੇੜੇ ਤੋਂ **ਜਾਣਨਾ** !

**ਸਮਾਂ ਅਤੇ ਦੁਬਾਰਾ ਯਿਸੂ ਨੇ ਸਾਡੇ ਨਾਲ ਵਾਅਦਾ ਕੀਤਾ ਹੈ:**

ਬਿਵਸਥਾਸਾਰ 4:29 ਫੇਰ ਤੁਸੀਂ ਉੱਥੇ ਯਹੋਵਾਹ ਆਪਣੇ ਪਰਮੇਸ਼ਰ ਦੀ **ਭਾਲ** ਕਰੋਗੇ ਅਤੇ **ਤੁਸੀਂ ਉਹ ਨੂੰ ਪਾਓਗੇ ਜਦ ਆਪਣੇ ਸਾਰੇ ਹਿਰਦੇ ਨਾਲ ਅਤੇ ਆਪਣੇ ਸਾਰੇ ਮਨ ਨਾਲ** ਢੂੰਡ ਕਰੋਗੇ।

1 ਇਤਹਾਸ 22:19 ਸੋ ਹੁਣ ਤੁਸੀਂ **ਆਪਣੇ ਮਨ** ਅਤੇ ਤਨ ਨਾਲ ਯਹੋਵਾਹ ਆਪਣੇ ਪਰਮੇਸ਼ਰ ਦੀ **ਭਾਲ** ਵਿੱਚ ਲੱਗੇ ਰਹੋ

2 ਇਤਹਾਸ 12:14 ਉਸ ਨੇ ਬੁਰਿਆਈ ਕੀਤੀ **ਕਿਉਂ ਜੋ** ਉਸ ਨੇ ਯਹੋਵਾਹ ਦੀ **ਖੋਜ** ਵਿੱਚ ਆਪਣਾ ਮੰਨ ਨਾ ਲਾਇਆ।

ਜ਼ਬੂਰ 34:10 ਯਹੋਵਾਹ ਦੇ **ਤਾਲਿਬਾਂ** ਨੂੰ ਕਿਸੇ ਚੰਗੀ ਵਸਤ ਦੀ ਥੁੜ ਨਹੀਂ ਹੋਵੇਗੀ।

ਜ਼ਬੂਰ 105:4 ਯਹੋਵਾਹ ਤੇ ਉਹ ਦੇ ਸਮਰਥ ਦੀ **ਭਾਲ** ਕਰੋ, ਉਹ ਦੇ ਦਰਸ਼ਣ ਨੂੰ ਲਗਾਤਾਰ **ਲੋਚੋ**।

ਕਹਾਉਤਾਂ 28:5 ਯਹੋਵਾਹ ਦੇ **ਤਾਲਿਬ** ਸਭ ਕੁਝ **ਸਮਝਦੇ** ਹਨ।

ਯਸਾਯਾਹ 55:6 ਯਹੋਵਾਹ ਨੂੰ **ਭਾਲੋ** ਜਦ ਤੀਕ ਉਹ ਲੱਭ ਸੱਕੇ, ਉਹ ਨੂੰ **ਪੁਕਾਰੋ ਜਦ ਤੀਕ ਉਹ ਨੇੜੇ ਹੈ।**

ਉਹ ਹੁਣ ਤੁਹਾਡੇ ਬਹੁਤ ਨੇੜੇ ਹੈ! ਦਿਨੋ ਦਿਨ।

ਉਹ ਕੋਲੋਂ ਦਿ ਲੰਘ ਰਿਹਾ ਹੈ . . . ਕੀ ਤੁਸੀਂ ਉਸ ਦੇ ਮਗਰ ਚੱਲੋਗੇ ਜਾਂ ਕੰਡਿਆਂ ਦੇ ਵਿਚਕਾਰ "ਜੰਗਲੀ ਹਿੱਸੇ" ਵਿੱਚ ਰਹਿਣਾ ਜਾਰੀ ਰੱਖੋਗੇ? ਇਹ ਤੁਹਾਡੇ ਪਿਆਰ ਦੀ ਪਰਖ ਹੈ। ਇਹ ਇੱਕ ਮੌਕਾ ਹੈ। ਤੁਸੀਂ ਕੀ ਕਰੋਗੇ?

---

**ਯੂਹੰਨਾ 1:36-37** ਅਤੇ ਉਸ ਨੇ ਯਿਸੂ ਨੂੰ ਤੁਰਿਆ ਜਾਂਦਾ ਵੇਖ ਕੇ ਆਖਿਆ, **ਵੇਖੋ ਪਰਮੇਸ਼ਰ ਦਾ ਲੇਲਾ**! (37) ਤਾਂ ਓਹ ਦੋਵੇਂ ਚੇਲੇ ਉਸ ਦੀ ਗੱਲ ਸੁਣ ਕੇ **ਯਿਸੂ ਦੇ ਮਗਰ ਤੁਰ ਪਏ।**

ਇਹ ਚੇਲਾਪਣ ਹੈ > ਯਿਸੂ ਨੂੰ ਭਾਲਣ ਅਤੇ ਉਸ ਦੇ ਮਗਰ ਚੱਲ ਲਈ ਮਨਾਂ ਨੂੰ ਤਿਆਰ ਕਰਨਾ

~~**ਯੂਹੰਨਾ 1:38** ਤਾਂ **ਯਿਸੂ ਨੇ ਪਿਛਾਹਾਂ ਮੁੜ ਕੇ** ਅਤੇ ਉਨ੍ਹਾਂ ਨੂੰ ਮਗਰ ਆਉਂਦੇ ਵੇਖ ਕੇ ਉਨ੍ਹਾਂ ਨੂੰ ਆਖਿਆ, **ਤੁਸੀਂ ਕੀ ਭਾਲਦੇ ਹੋ?**~~
ਉਹਨਾਂ ਉਸਨੂੰ ਆਖਿਆ, ਹੇ ਰੱਬੀ! (ਅਰਥਾਤ ਹੇ ਗੁਰੂ!), ਤੁਸੀਂ ਕਿੱਥੇ ਟਿਕਦੇ ਹੋ?

- **ਯਿਸੂ ਨੇ ਪਿਛਾਹਾਂ ਮੁੜ ਕੇ** – ਇਸ ਤਰ੍ਹਾਂ ਤੁਸੀਂ ਉਸ ਦੇ ਧਿਆਨ ਨੂੰ ਖਿੱਚਦੇ ਹੋ। ਉਸ ਦੇ ਨਾਲ ਹੋਰ ਜ਼ਿਆਦਾ ਨੇੜੇ ਦੇ ਸਬੰਧ ਦੀ **ਇੱਛਾ ਕਰਨਾ, ਇਸ ਨੂੰ ਭਾਲਣਾ** ਅਤੇ **ਇਸ ਦੇ ਮਗਰ ਚੱਲਣਾ** ਸ਼ੁਰੂ ਕਰੋ। ਉਸ ਦੇ ਮਗਰ ਚੱਲੋ!

- ਉਹ ਆਹਮੋ ਸਾਹਮਣੇ ਸਨ – ਯਿਸੂ ਦੀਆਂ ਅੱਖਾਂ ਦੇ ਵਿੱਚ ਅੱਖਾਂ। **ਇਹ ਕਿਸ ਤਰ੍ਹਾਂ ਦਾ ਹੋਵੇਗਾ?**

- ਅਤੇ ਯਿਸੂ ਉਨ੍ਹਾਂ ਨੂੰ ਇੱਕ ਪ੍ਰਸ਼ਨ ਪੁੱਛਦਾ ਹੈ – ਸਮੇਂ ਸਮੇਂ ’ਤੇ ਉਹ ਸਾਨੂੰ ਵੀ ਓਹੋ ਪ੍ਰਸ਼ਨ ਪੁੱਛਦਾ ਹੈ:
  **ਤੁਸੀਂ ਕੀ ਭਾਲਦੇ ਹੋ? – ਤੁਸੀਂ ਕੀ ਲੱਭਦੇ ਹੋ?**
  **ਤੁਸੀਂ ਕੀ ਚਾਹੁੰਦੇ ਹੋ, ਤੁਹਾਨੂੰ ਕਿਸ ਦੀ ਲੋੜ ਹੈ?**

  - ਉਹ ਤੁਹਾਡੇ ਦਿਲ ਨੂੰ ਵੇਖਦਾ ਹੈ। ਤੁਹਾਨੂੰ ਉਸ ਨੂੰ ਸੱਚਾਈ ਦੱਸਣੀ ਚਾਹੀਦੀ ਹੈ।

- ਉਨ੍ਹਾਂ ਕੋਲ ਵਧੀਆ ਉੱਤਰ ਸੀ – ਤੁਸੀਂ ਕਿੱਥੇ ਟਿਕਦੇ ਹੋ? ਉਹ **ਉਸ ਦੇ ਨਾਲ / ਰਹਿਣਾ** ਚਾਹੁੰਦੇ ਸਨ।

  - ਯੂਹੰਨਾ 15:7 **ਜੇ** ਤੁਸੀਂ **ਮੇਰੇ ਵਿੱਚ ਰਹੋ** ਅਤੇ **ਮੇਰੀਆਂ ਗੱਲਾਂ** ਤੁਹਾਡੇ ਵਿੱਚ ਰਹਿਣ ਤਾਂ ਜੋ ਚਾਹੋ ਮੰਗੋ . . .

  - ਕਿਉਂਕਿ: **ਉਹ ਆਪਣਿਆਂ ਤਾਲਿਬਾਂ ਦਾ ਫਲ-ਦਾਤਾ ਹੈ।** ਇਬਰਾਨੀਆਂ 11:6

---

**ਤੁਸੀਂ ਕੀ ਚਾਹੁੰਦੇ ਹੋ?**
**ਤੁਸੀਂ ਕਿਸ ਦੇ ਮਗਰ ਚੱਲ ਰਹੇ ਹੋ?**
**ਤੁਹਾਡਾ ਜਨੂੰਨ ਕੀ ਹੈ?**
**ਤੁਹਾਨੂੰ ਕੰਮ ਕਰਨ ਲਈ ਕੀ ਪ੍ਰੇਰਿਤ ਕਰਦਾ ਹੈ?**

ਲੋਕ ਉਸ ਦੇ ਮਗਰ ਚੱਲਣਗੇ ਜੋ ਉਨ੍ਹਾਂ ਦਾ ਜਨੂੰਨ ਹੈ।

1. **ਯੂਹੰਨਾ** 17:24 ਜਨੂੰਨ, **ਯਿਸੂ** ਦੀ ਪ੍ਰੇਰਣਾ:

2. **ਲੂਕਾ** 10:38-42 ਮਾਰਥਾ: **ਵਿਚਲਤ – ਚਿੰਤਤ – ਦੁਖੀ**, ਬਹੁਤ ਸਾਰੀਆਂ **ਚੀਜ਼ਾਂ** ਨਾਲ – ਕੰਡੇ। **ਮਾਰਥਾ** **“ਕੇਵਲ ਇੱਕ ਚੀਜ਼”**

3. **ਜ਼ਬੂਰ** 27:4 **ਦਾਊਦ** ਦਾ ਜਨੂੰਨ: (ਤੁਹਾਡੇ ਲਈ ਇੱਕ ਚੰਗੇ ਜੀਵਨ ਦੀ ਆਇਤ)

   ਰਸੂਲਾਂ ਦੇ ਕਰਤੱਬ 13:22 ਮੈਂ ਯੱਸੀ ਦੇ ਪੁੱਤਰ ਦਾਊਦ ਨੂੰ ਆਪਣੇ ਮਨ ਭਾਉਂਦਾ ਇੱਕ ਮਨੁੱਖ ਲੱਭਿਆ, ਉਹੋ ਮੇਰੀ ਸਾਰੀ ਮਰਜ਼ੀ ਪੂਰੀ ਕਰੇਗਾ।

4. ਕੂਚ 33:7-11 ਯਹੋਸ਼ੁਆ ਦਾ ਜਨੂੰਨ: ਯਹੋਸ਼ੁਆ . . . ਇੱਕ ਗੱਭਰੂ ਸੇਵਾਦਾਰ ਤੰਬੂ ਵਿੱਚੋਂ ਨਾ ਹਿੱਲਦਾ ਸੀ।

ਜਿੰਨੇ ਵੀ ਜਵਾਨ ਮਨੁੱਖ ਮਿਸਰ ਵਿੱਚੋਂ ਮੂਸਾ ਨਾਲ ਨਿੱਕਲੇ, ਉਨ੍ਹਾਂ ਵਿੱਚੋਂ ਕੇਵਲ ਇੱਕ ਸੱਚਮੁੱਚ ਪਰਮੇਸ਼ੁਰ ਦੀਆਂ ਚੀਜ਼ਾਂ ਦੇ ਮਗਰ ਚੱਲਦਾ ਸੀ:

- ਸਾਰੇ ਜਵਾਨ ਮਨੁੱਖਾਂ ਵਿੱਚੋਂ, ਕੇਵਲ ਇੱਕ – **ਕੇਵਲ ਇੱਕ ਚੀਜ਼** ਨੂੰ ਚਾਹੁੰਦਾ ਸੀ!

- **ਦੂਸਰੇ ਇਹ ਕਿਉਂ ਨਹੀਂ ਕਰਦੇ ਸਨ ?**

2 ਤਿਮੋਥਿਉਸ 3:1-5 ਪਰ ਇਹ ਜਾਣ ਛੱਡ ਭਈ ਅੰਤ ਦਿਆਂ ਦਿਨਾਂ ਵਿੱਚ ਭੈੜੇ ਸਮੇਂ ਆ ਜਾਣਗੇ। (2) ਕਿਉਂ ਜੋ ਮਨੁੱਖ **ਆਪ ਸੁਆਰਥੀ**, **ਮਾਇਆ** ਦੇ ਲੋਭੀ, . . . **ਕੁਫ਼ਰ ਬਕਣ ਵਾਲੇ**, . . . **ਨਾਸ਼ੁਕਰੇ, ਅਪਵਿੱਤਰ,** (3) **ਨਿਰਮੋਹ**, . . . **ਅਸੰਜਮੀ**, . . . (4) . . . **ਪਰਮੇਸ਼ਰ ਦੇ ਨਹੀਂ ਸਗੋਂ ਭੋਗ ਬਿਲਾਸ ਦੇ ਪ੍ਰੇਮੀ ਹੋਣਗੇ।**

2 ਇਤਹਾਸ 16:9 ਯਹੋਵਾਹ ਦੀਆਂ ਅੱਖਾਂ ਤਾਂ ਸਾਰੀ ਧਰਤੀ ਉੱਤੇ ਫਿਰਦੀਆਂ ਹਨ ਤਾਂ ਜੋ ਉਹ ਉਨ੍ਹਾਂ ਦੀ **ਸਹਾਇਤਾ ਲਈ ਜਿਨ੍ਹਾਂ ਦਾ ਦਿਲ ਉਸ ਉੱਤੇ ਪੂਰਨ ਨਿਹਚਾ ਰੱਖਦਾ ਹੈ।**

---

**ਯੂਹੰਨਾ 1:39** ਉਸ ਨੇ ਉਨ੍ਹਾਂ ਨੂੰ ਆਖਿਆ, **ਆਓ ਤਾਂ ਵੇਖੋਗੇ।** ਸੋ **ਓਹ ਗਏ** ਅਰ ਜਿੱਥੇ ਉਹ ਰਹਿੰਦਾ ਸੀ **ਵੇਖਿਆ** ਅਤੇ ਉਸ ਦਿਨ ਉਹ ਦੇ ਸੰਗ ਰਹੇ। ਉਸ ਵੇਲੇ ਸਵਾ ਤਿੰਨਕੁ ਪਹਿਰ ਦਿਨ ਗਿਆ ਸੀ।

ਯੂਹੰਨਾ 11:40 ਯਿਸੂ ਨੇ ਉਹ ਨੂੰ ਕਿਹਾ . . . ਜੇ **ਤੂੰ** ਪਰਤੀਤ ਕਰੇਂ ਤਾਂ ਪਰਮੇਸ਼ਰ ਦੀ ਵਡਿਆਈ **ਵੇਖੇਂਗੀ?**

ਲੂਕਾ 4:18 ਯਿਸੂ ਇਸ ਲਈ ਆਇਆ ਕਿ ਅੰਨ੍ਹਿਆਂ ਨੂੰ ਵੇਖਣ ਦਾ ਪਰਚਾਰ ਕਰੇ

**ਯਿਸੂ ਸਾਨੂੰ ਸਾਰਿਆਂ ਨੂੰ ਆਖਦਾ ਹੈ:** **"ਆਓ ਤਾਂ ਵੇਖੋਗੇ"** ਇਹ ਬਹੁਤ ਸੱਚ ਹੈ।

ਯਿਸੂ ਦੇ ਮਗਰ ਸਖ਼ਤੀ ਨਾਲ ਚੱਲਣ ਦੀ ਪ੍ਰੇਰਣਾ ਸਹਿਤ ਵੇਖਣ ਲਈ ਇੱਕ ਚੰਗੀ ਉਦਾਹਰਣ:

**ਮੱਤੀ 9:27-30** ਜਾਂ ਯਿਸੂ ਉੱਥੋਂ ਤੁਰਿਆ ਤਾਂ **ਦੋ ਅੰਨ੍ਹੇ** ਉਹ ਦੇ ਮਗਰ ਹਾਕਾਂ ਮਾਰਦੇ ਆਏ ਅਤੇ ਬੋਲੇ, ਹੇ ਦਾਊਦ ਦੇ ਪੁੱਤਰ, ਸਾਡੇ ਉੱਤੇ ਦਯਾ ਕਰ! (28) ਅਰ ਜਾਂ ਉਹ ਘਰ ਵਿੱਚ ਗਿਆ ਤਾਂ ਓਹ ਅੰਨ੍ਹੇ ਉਹ ਦੇ ਕੋਲ ਆਏ ਅਤੇ ਯਿਸੂ ਨੇ ਉਨ੍ਹਾਂ ਨੂੰ ਕਿਹਾ, ਭਲਾ, ਤੁਹਾਨੂੰ ਨਿਹਚਾ ਹੈ ਜੋ ਮੈਂ ਇਹ ਕੰਮ ਕਰ ਸੱਕਦਾ ਹਾਂ? ਉਨ੍ਹਾਂ ਉਹ ਨੂੰ ਆਖਿਆ, ਹਾਂ, ਪ੍ਰਭੂ ਜੀ। (29) ਤਦ ਉਹ ਉਨ੍ਹਾਂ ਦੀਆਂ ਅੱਖੀਆਂ ਨੂੰ ਛੋਹ ਕੇ ਬੋਲਿਆ, ਜਿਹੀ ਤੁਹਾਡੀ ਨਿਹਚਾ ਹੈ ਤੁਹਾਡੇ ਲਈ ਤਿਹਾ ਹੀ ਹੋਵੇ। (30) **ਅਤੇ ਉਨ੍ਹਾਂ ਦੀਆਂ ਅੱਖੀਆਂ ਖੁੱਲ੍ਹ ਗਈਆਂ।**

---

**ਲੂਕਾ 24:13-35** ਇੰਮਾਊਸ ਦੇ ਰਾਹ ਉੱਤੇ ਦੋ

(15) ਅਤੇ ਐਉਂ ਹੋਇਆ ਕਿ ਜਾਂ ਓਹ ਗੱਲ ਬਾਤ ਅਤੇ ਚਰਚਾ ਕਰਦੇ ਸਨ ਤਾਂ **ਯਿਸੂ ਆਪ ਨੇੜੇ ਆਣ ਕੇ** ਉਨ੍ਹਾਂ **ਨਾਲ** ਤੁਰਿਆ ਗਿਆ। (16) ਪਰ **ਉਨ੍ਹਾਂ ਦੇ ਨੇਤਰ ਬੰਦ ਕੀਤੇ ਗਏ ਸਨ ਭਈ ਉਹ ਨੂੰ ਨਾ ਸਿਆਣਨ।** (17) ਉਸ ਨੇ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਤੁਰੇ ਜਾਂਦੇ ਏਹ ਕੀ ਗੱਲਾਂ ਆਪੋ ਵਿੱਚ ਕਰਦੇ ਹੋ? (27) ਅਤੇ ਮੂਸਾ ਅਰ ਸਭਨਾਂ ਨਬੀਆਂ ਤੋਂ ਸ਼ੁਰੂ ਕਰ ਕੇ ਉਸ ਨੇ ਓਹਨਾਂ ਨੂੰ ਉਨ੍ਹਾਂ ਗੱਲਾਂ ਦਾ ਅਰਥ ਦੱਸਿਆ ਜਿਹੜੀਆਂ ਸਭਨਾਂ ਪੁਸਤਕਾਂ ਵਿੱਚ ਉਹ ਦੇ ਹੱਕ ਵਿੱਚ ਲਿਖੀਆਂ ਹੋਈਆਂ ਸਨ। (28) ਉਹ ਪਿੰਡ ਨੇੜੇ ਆਇਆ ਜਿੱਥੇ ਜਾਂਦੇ ਸਨ ਅਰ ਉਸ ਨੇ ਅੱਗੇ ਵਧਨ ਨੂੰ ਕੀਤਾ। (29) ਤਾਂ **ਉਨ੍ਹਾਂ ਉਸ ਨੂੰ ਅਟਕਾ ਕੇ** ਆਖਿਆ ਕਿ **ਸਾਡੇ ਨਾਲ ਰਹੋ** ਕਿਉਂ ਜੋ ਸੰਝ ਪੈ ਗਈ ਅਤੇ ਹੁਣ ਦਿਨ ਲਹਿ ਚੱਲਿਆ ਹੈ ਅਰ ਉਹ ਉਨ੍ਹਾਂ ਦੇ ਸੰਗ ਟਿਕਣ ਨੂੰ ਅੰਦਰ ਗਿਆ। (30) ਇਉਂ ਹੋਇਆ ਕਿ ਜਾਂ ਉਹ ਉਨ੍ਹਾਂ ਦੇ ਨਾਲ ਭੋਜਨ ਛਕਣ ਨੂੰ ਬੈਠਾ ਤਾਂ ਉਸ ਨੇ ਰੋਟੀ ਲੈ ਕੇ ਬਰਕਤ ਦਿੱਤੀ ਅਤੇ ਤੋੜ ਕੇ ਉਨ੍ਹਾਂ ਨੂੰ ਫੜਾਈ। **ਤਦ ਉਨ੍ਹਾਂ ਦੇ ਨੇਤਰ ਖੁਲ੍ਹ ਗਏ** ਅਤੇ ਉਨ੍ਹਾਂ ਉਸ ਨੂੰ ਸਿਆਣ ਲਿਆ ਅਰ ਉਹ ਉਨ੍ਹਾਂ ਤੋਂ ਅਲੋਪ ਹੋ ਗਿਆ।

ਯੂਹੰਨਾ 9:7 ਜਮਾਂਦਰੂ ਅੰਨ੍ਹੇ ਦੀ ਚੰਗਾਈ। ਆਇਤ 7 ਜਾਹ ਸਿਲੋਆਮ ਦੇ ਕੁੰਡ ਵਿੱਚ ਜਿਹ ਦਾ ਅਰਥ ਹੈ "ਭੇਜਿਆ ਹੋਇਆ" ਧੋ ਸੁੱਟ। ਸੋ ਉਹ ਨੇ ਜਾ ਕੇ ਧੋਤੀਆਂ ਅਤੇ **ਸੁਜਾਖਾ ਹੋ ਕੇ ਚੱਲਾ ਆਇਆ।**

## – ਆਓ ਤਾਂ ਵੇਖੋਗੇ –

**ਯੂਹੰਨਾ 1:40-51** ਉਨ੍ਹਾਂ ਦੋਹਾਂ ਵਿੱਚੋਂ ਜਿਨ੍ਹਾਂ ਨੇ ਯੂਹੰਨਾ ਦੀ ਗੱਲ ਸੁਣੀ ਅਤੇ ਯਿਸੂ ਦੇ ਮਗਰ ਹੋ ਤੁਰੇ ਇੱਕ ਸ਼ਮਊਨ ਪਤਰਸ ਦਾ ਭਰਾ **ਅੰਦ੍ਰਿਯਾਸ** ਸੀ। (41) ਉਸ ਨੇ **ਆਪਣੇ ਸਕੇ ਭਰਾ** ਸ਼ਮਊਨ **ਨੂੰ ਪਹਿਲਾਂ ਲੱਭ ਕੇ** ਉਹ ਨੂੰ ਕਿਹਾ ਕਿ ਅਸਾਂ ਮਸੀਹ ਨੂੰ ਅਰਥਾਤ ਖ੍ਰਿਸਟੁਸ ਨੂੰ ਲੱਭ ਲਿਆ ਹੈ! (42) **ਉਹ ਉਸ ਨੂੰ ਯਿਸੂ ਕੋਲ ਲਿਆਇਆ।**

- ਜਿਹੜੇ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਸਮਾਂ ਗੁਜ਼ਾਰਦੇ ਹਨ ਉਹ ਲੱਭਣ ਅਤੇ ਦੂਸਰਿਆਂ ਨੂੰ ਦੱਸਣ ਲਈ **ਅਨੰਦ ਦੁਆਰਾ ਚਲਾਏ ਜਾਂਦੇ ਹਨ।**

(43) ਅਗਲੇ ਭਲਕ ਯਿਸੂ ਨੇ ਚਾਹਿਆ ਜੋ ਉੱਥੋਂ ਨਿੱਕਲ ਕੇ ਗਲੀਲ ਵਿੱਚ ਜਾਵੇ। ਤਾਂ **ਫ਼ਿਲਿੱਪੁਸ** ਨੂੰ ਲੱਭ ਕੇ ਉਹ ਨੂੰ ਆਖਿਆ ਭਈ **ਮੇਰੇ ਪਿੱਛੇ ਹੋ ਤੁਰ।** (45) **ਫ਼ਿਲਿੱਪੁਸ ਨੇ ਨਥਾਨਿਏਲ ਨੂੰ ਲੱਭ ਕੇ** ਉਹ ਨੂੰ ਆਖਿਆ ਕਿ ਜਿਹ ਦੇ ਵਿਖੇ ਮੂਸਾ ਨੇ ਤੁਰੇਤ ਵਿੱਚ ਅਤੇ ਨਬੀਆਂ ਨੇ ਲਿਖਿਆ ਸੋ **ਅਸਾਂ ਉਸ ਨੂੰ ਲੱਭ ਪਿਆ ਹੈ**, ਉਸ ਯੂਸੁਫ਼ ਦਾ ਪੁੱਤਰ **ਯਿਸੂ ਨਾਸਰਤ ਦਾ ਹੈ**।

(46) ਤਾਂ **ਨਥਾਨਿਏਲ** ਨੇ ਉਸ ਨੂੰ ਆਖਿਆ, ਭਲਾ, ਨਾਸਰਤ ਵਿੱਚੋਂ ਕੋਈ ਉੱਤਮ ਵਸਤੁ ਨਿੱਕਲ ਸੱਕਦੀ ਹੈ? ਫ਼ਿਲਿੱਪੁਸ ਨੇ ਉਹ ਨੂੰ ਆਖਿਆ, **ਆ ਤੇ ਵੇਖ।** (47) ਯਿਸੂ ਨੇ **ਨਥਾਨਿਏਲ ਨੂੰ ਆਪਣੀ ਵੱਲ ਆਉਂਦਾ ਵੇਖ ਕੇ** ਉਹ ਦੇ ਵਿਖੇ ਆਖਿਆ, ਵੇਖੋ ਸੱਚਾ ਇਸਰਾਏਲੀ ਜਿਹ ਦੇ ਵਿੱਚ ਛੱਲ ਨਹੀਂ ਹੈ। (48) ਨਥਾਨਿਏਲ ਨੇ ਉਸ ਨੂੰ ਆਖਿਆ, ਤੁਸੀਂ ਮੈਨੂੰ ਕਿੱਥੋਂ ਜਾਣਦੇ ਹੋ? ਯਿਸੂ ਨੇ ਉਹ ਨੂੰ ਉੱਤਰ ਦਿੱਤਾ ਭਈ ਉਸ ਤੋਂ ਪਹਿਲਾਂ ਜੋ ਫ਼ਿਲਿੱਪੁਸ ਨੇ ਤੈਨੂੰ ਸੱਦਿਆ ਜਾਂ ਤੂੰ ਹੰਜੀਰ ਦੇ ਬਿਰਛ ਹੇਠ ਸੈਂ, **ਮੈਂ ਤੈਨੂੰ ਡਿੱਠਾ।**

**ਉਸ** ਨੇ **ਤੁਹਾਨੂੰ** ਤੁਹਾਡੇ ਉਸ ਨੂੰ ਵੇਖਣ ਤੋਂ ਲੰਮਾਂ ਸਮਾਂ ਪਹਿਲਾਂ **ਵੇਖਿਆ**। ਉਹ ਉਸ ਦੇ ਆਪਣਿਆਂ ਦਾ ਧਿਆਨ ਰੱਖਦਾ ਹੈ। *ਉਹ ਨੇ ਸਾਨੂੰ ਜਗਤ ਦੀ ਨੀਂਹ ਧਰਨ ਤੋਂ ਅੱਗੋਂ ਹੀ ਉਸ ਵਿੱਚ ਚੁਣ ਲਿਆ।* ਅਫਸੀਆਂ 1:4

(49) **ਨਥਾਨਿਏਲ** ਨੇ ਉਸ ਨੂੰ ਉੱਤਰ ਦਿੱਤਾ, ਸੁਆਮੀ ਜੀ ਤੁਸੀਂ ਪਰਮੇਸ਼ਰ ਦੇ ਪੁੱਤਰ ਹੋ, ਤੁਸੀਂ ਇਸਰਾਏਲ ਦੇ ਪਾਤਸ਼ਾਹ ਹੋ! (50) ਯਿਸੂ ਨੇ ਉਹ ਨੂੰ ਉੱਤਰ ਦਿੱਤਾ, ਕੀ ਤੂੰ ਇਸ ਲਈ ਨਿਹਚਾ ਕਰਦਾ ਹੈਂ ਜੋ ਮੈਂ ਤੈਨੂੰ ਕਿਹਾ ਕਿ ਹੰਜੀਰ ਦੇ ਬਿਰਛ ਹੇਠ ਮੈਂ ਤੈਨੂੰ ਵੇਖਿਆ? **ਤੂੰ ਇਨ੍ਹਾਂ ਨਾਲੋਂ ਵੱਡੀਆਂ ਗੱਲਾਂ ਵੇਖੇਂਗਾ!** (51) ਫੇਰ ਉਸ ਨੂੰ ਆਖਿਆ, ਮੈਂ ਤੁਹਾਨੂੰ ਸੱਚ ਸੱਚ ਆਖਦਾ ਹਾਂ ਜੋ ਤੁਸੀਂ ਅਕਾਸ਼ ਨੂੰ ਖੁਲ੍ਹਾ ਅਤੇ ਪਰਮੇਸ਼ਰ ਦੇ ਦੂਤਾਂ ਨੂੰ ਮਨੁੱਖ ਪੁੱਤਰ ਉੱਤੇ ਚੜ੍ਹਦੇ ਅਤੇ ਉੱਤਰਦੇ **ਵੇਖੋਗੇ।**

ਆਇਤ 50 ਤੁਹਾਡੇ ਨਾਲ **ਇੱਕ ਵਾਅਦਾ** ਹੈ: ਜਿੰਨਾ ਜ਼ਿਆਦਾ ਸਮਾਂ ਤੁਸੀਂ ਉਸ ਦੇ ਨਾਲ ਗੁਜ਼ਾਰਦੇ ਹੋ ਓਨੀਆ ਜ਼ਿਆਦਾ **ਵੱਡੀਆਂ ਗੱਲਾਂ** ਵੇਖੋਗੇ . . . ਸੁਫ਼ਨੇ / ਦਰਸ਼ਣ / ਪਰਕਾਸ਼ਣ

- ਸਾਡੀ ਚੋਣ: ਵੱਡੀਆਂ **ਗੱਲਾਂ** . . . ਜਾਂ . . . ਇਸ ਸੰਸਾਰ ਦੀਆਂ ਗੱਲਾਂ।

ਹੇ ਪਿਤਾ ਮੈਂ ਚਾਹੁੰਦਾ ਹਾਂ ਭਈ ਜਿਹੜੇ ਤੈਂ ਮੈਨੂੰ ਦਿੱਤੇ ਸੋ ਜਿੱਥੇ ਮੈਂ ਹਾਂ ਓਹ ਵੀ **ਮੇਰੇ ਨਾਲ** ਹੋਣ **ਤਾਂ ਜੋ** ਓਹ **ਮੇਰੀ ਵਡਿਆਈ** ਜੋ ਤੈਂ ਮੈਨੂੰ ਦਿੱਤੀ ਹੈ **ਵੇਖਣ** ਯੂਹੰਨਾ 17:24

ਵੇਖੋ, ਹੁਣ ਹੀ ਮਨ ਭਾਉਂਦਾ ਸਮਾ ਹੈ, ਵੇਖੋ ਹੁਣ ਹੀ ਮੁਕਤੀ ਦਾ ਦਿਨ ਹੈ! 2 ਕੁਰਿੰਥੀਆਂ 6:2

- ਤੁਹਾਡੇ ਲਈ ਕੀ ਮਹੱਤਵਪੂਰਣ ਹੈ ਉਸ ਦਾ ਫੈਸਲਾ ਲੈਣਾ।
- ਤੁਸੀਂ ਕਿਸ ਦੀ ਭਾਲ ਕਰੋਗੇ ਉਸ ਦਾ ਫੈਸਲਾ ਲੈਣਾ।
- ਆਪਣੀਆਂ ਤਰਜੀਹਾਂ ਨੂੰ ਬਦਲਣਾ।

ਇਹ ਇਸ ਤਰ੍ਹਾਂ ਹੈ ਜਿਵੇਂ ਸਾਡੇ ਕੋਲ ਆਪਣਾ ਪਾਸਪੋਰਟ ਹੈ – ਸਾਡੇ ਕੋਲ ਆਪਣਾ ਟਿਕਟ ਹੈ – ਸਾਨੂੰ ਨਵੇਂ ਅਤੇ ਉੱਚੇ ਸਥਾਨਾਂ ਉੱਚੇ ਜਾਣ ਲਈ ਟਰਮੀਨਲ ਵਿੱਚ ਪ੍ਰਵੇਸ਼ ਕਰਨ ਦੀ ਅਨੁਮਤੀ ਦਿੱਤੀ ਗਈ ਹੈ – ਪਰ . . .

ਇਹ ਇਸ ਤਰ੍ਹਾਂ ਹੈ ਜਿਵੇਂ ਅਸੀਂ ਸਮਾਨ ਵਾਲੇ ਝੂਲੇ ਉੱਤੇ ਬੈਠੇ ਹਾਂ ਜੋ ਹਵਾਈ ਅੱਡੇ ਦੇ ਆਲੇ ਦੁਆਲੇ ਘੁੰਮਦਾ ਹੈ। ਪਰ ਸਾਰੀਆਂ ਚੀਜ਼ਾਂ ਜਿੰਨਾ ਦੀ ਅਸੀਂ ਭਾਲ ਕਰਦੇ ਹਾਂ ਉਨ੍ਹਾਂ ਵੱਲ ਜਾਣ ਤੋਂ ਰੋਕਿਆ ਗਿਆ – ਸਾਰਾ ਸਮਾਨ ਅਸੀਂ ਆਪਣੇ ਭੂਤਕਾਲ ਤੋਂ ਇਕੱਠਾ ਕੀਤਾ ਹੈ – ਸਾਰੇ ਜ਼ਖ਼ਮ ਅਤੇ ਨਿਰਾਸ਼ਾਵਾਂ।

ਯਿਸੂ ਪੌੜੀ ਦੇ ਸਿਰੇ ਉੱਤੇ ਖੜ੍ਹਾ ਸਾਨੂੰ ਉੱਪਰ ਬੁਲਾ ਰਿਹਾ ਹੈ > ਹੋਰ ਖੇਤਰ ਲਈ

ਉਸ ਦੇ ਨਾਲ ਦੂਰ ਉੱਡਣ ਲਈ। ਪਰਮੇਸ਼ੁਰ ਦੇ ਰਾਜ ਵਿੱਚ ਪ੍ਰਵੇਸ਼ ਕਰਨ ਅਤੇ ਰਹਿਣ ਲਈ। ਜਿੱਥੇ ਸਾਰੀਆਂ **ਚੀਜ਼ਾਂ** ਮੁਹੱਈਆ ਕਰਾਈਆਂ ਗਈਆਂ ਹਨ . . . ਅਤੇ ਵੱਡੀਆਂ ਚੀਜ਼ਾਂ ਵੇਖੀਆਂ ਗਈਆਂ ਹਨ।

ਇਸ ਨੂੰ ਹੇਠਾਂ ਰੱਖੋ / ਇਸ ਨੂੰ ਢਿੱਲਾ ਕਰੋ / ਇਸ ਨੂੰ ਪਿੱਛੇ ਰੱਖੋ / ਇਸ ਤੋਂ ਦੂਰ ਯਿਸੂ ਵੱਲ ਚੱਲੋ। / ਜਿਸ ਚੀਜ਼ ਉੱਤੇ ਤੁਸੀਂ ਕੇਂਦ੍ਰਿਤ ਹੋ ਉਸ ਨੂੰ ਬਦਲੋ / ਜਿਸ ਦੇ ਪਿੱਛੇ ਤੁਸੀਂ ਚੱਲਦੇ ਹੋ ਉਸ ਨੂੰ ਬਦਲੋ / ਆਪਣੀਆਂ ਤਰਜੀਹਾਂ ਨੂੰ ਬਦਲੋ।

ਮੱਤੀ 11:28-30 ਹੇ ਸਾਰੇ **ਥੱਕੇ ਹੋਇਓ** ਅਤੇ **ਭਾਰ ਹੇਠ ਦੱਬੇ ਹੋਇਓ, ਮੇਰੇ ਕੋਲ ਆਓ** ਤਾਂ ਮੈਂ ਤੁਹਾਨੂੰ **ਅਰਾਮ** ਦਿਆਂਗਾ। ਮੇਰਾ ਜੂਲਾ (ਸੰਸਾਰ ਦਾ ਨਹੀਂ) ਆਪਣੇ ਉੱਤੇ ਲੈ ਲਵੋ ਅਤੇ **ਮੈਥੋਂ ਸਿੱਖੋ** ਕਿਉਂ ਜੋ ਮੈਂ ਕੋਮਲ ਅਤੇ ਮਨ ਦਾ ਗ਼ਰੀਬ ਹਾਂ ਅਤੇ ਤੁਸੀਂ ਆਪਣਿਆਂ ਜੀਆਂ ਵਿੱਚ ਅਰਾਮ ਪਾਓਗੇ। ਕਿਉਂ ਜੋ ਮੇਰਾ ਜੂਲਾ ਹੌਲਾ ਅਤੇ ਮੇਰਾ ਭਾਰ ਹਲਕਾ ਹੈ।

ਇਸ ਲਈ, ਇਸ ਵਾਸਤੇ ਇੱਕ ਚੀਜ਼ ਦੀ ਲੋੜ ਹੈ – ਸਾਨੂੰ "ਜੰਗਲੀ ਸਥਾਨ" (ਕੰਢੇ) ਤੋਂ ਬਾਹਰ ਨਿੱਕਲਣਾ ਚਾਹੀਦਾ ਹੈ, ਉਸ ਦੇ ਨਾਲ ਕਾਫੀ ਸਮਾਂ ਗੁਜ਼ਾਰਨ ਦੇ ਲਈ।

ਉਸ ਦੇ ਨਾਲ ਸਮਾਂ ਗੁਜ਼ਾਰਨਾ, ਉਸ ਵਿੱਚ ਸਮਾਂ ਗੁਜ਼ਾਰਨ ਦੇ ਨਾਲ ਸ਼ੁਰੂ ਹੁੰਦਾ ਹੈ ਜੋ ਉਸ ਨੇ ਪਹਿਲਾਂ ਹੀ ਆਪਣੇ ਬਚਨ ਵਿੱਚ ਆਖਿਆ ਹੈ।

> ਜ਼ਬੂਰ 1 **ਧੰਨ** ਹੈ ਉਹ ਮਨੁੱਖ ਜਿਹੜਾ ਦੁਸ਼ਟਾਂ ਦੀ ਮੱਤ ਉੱਤੇ **ਨਹੀਂ ਚੱਲਦਾ**, ਨਾ ਪਾਪੀਆਂ ਦੇ ਰਾਹ ਵਿੱਚ **ਖੜਾ** ਰਹਿੰਦਾ, ਅਤੇ ਨਾ ਮਖ਼ੌਲੀਆਂ ਦੀ ਜੁੰਡੀ ਵਿੱਚ **ਬਹਿੰਦਾ** ਹੈ। (ਵਾਧੇ ਵੱਲ ਕ੍ਰਮ ਦਿਓ: ਚੱਲਦਾ, ਖੜਾ, ਬਹਿੰਦਾ) [2] ਪਰ **ਉਹ ਯਹੋਵਾਹ ਦੀ ਬਿਵਸਥਾ ਵਿੱਚ ਮਗਨ ਰਹਿੰਦਾ**, ਅਤੇ **ਦਿਨ ਰਾਤ** ਉਸ ਦੀ ਬਿਵਸਥਾ ਉੱਤੇ **ਧਿਆਨ ਕਰਦਾ ਹੈ।** [3] ਉਹ ਤਾਂ ਉਸ ਬਿਰਛ ਵਰਗਾ ਹੋਵੇਗਾ, ਜੋ ਪਾਣੀ ਦੀਆਂ ਨਦੀਆਂ ਉੱਤੇ ਲਾਇਆ ਹੋਇਆ ਹੈ, ਜਿਹੜਾ ਰੁਤ ਸਿਰ ਆਪਣਾ ਫਲ ਦਿੰਦਾ ਹੈ, ਜਿਹ ਦੇ ਪੱਤੇ ਨਹੀਂ ਕੁਮਲਾਉਂਦੇ, ਅਤੇ **ਜੋ ਕੁਝ ਉਹ ਕਰੇ ਸੋ ਸਫ਼ਲ ਹੁੰਦਾ ਹੈ।**

ਯਿਸੂ ਦੇ ਨਾਲ **ਨੇੜੇ** ਦੇ ਸਬੰਧ ਲਈ **ਸੁਣਨਾ** ਅਤੇ **ਗੱਲਾਂ ਕਰਨਾ** ਜ਼ਰੂਰੀ ਅਤੇ ਬਹੁਤ ਮਹੱਤਵਪੂਰਣ ਹੈ।

ਇਸ ਦੇ ਲਈ ਇੱਛਾ – ਭਾਲਣਾ – ਪਰਮੇਸ਼ੁਰ ਨਾਲ ਸੰਪਰਕ ਦੀ ਲੋੜ ਹੈ

ਯਿਸੂ ਇੱਕ ਮਨੁੱਖ ਬਣਿਆ – ਸਾਡੇ ਵਿੱਚੋਂ ਇੱਕ ਵਾਂਗ ਰਿਹਾ –

> ਉਸ ਨੇ ਆਪਣੇ ਪਿਤਾ ਨਾਲ ਕਦੋਂ ਸੰਪਰਕ ਕੀਤਾ???
>
> ਮਰਕੁਸ 1:35 ਉਹ **ਵੱਡੇ ਤੜਕੇ ਕੁਝ ਰਾਤ ਰਹਿੰਦਿਆਂ** ਉੱਠ ਕੇ ਬਾਹਰ ਨਿੱਕਲਿਆ ਅਰ ਇੱਕ ਉਜਾੜ ਥਾਂ ਵਿੱਚ ਜਾ ਕੇ ਉੱਥੇ ਪ੍ਰਾਰਥਨਾ ਕੀਤੀ।

1. **ਸਮਾਂ ਜਿਸ ਨੂੰ ਯਿਸੂ ਪਹਿਲ ਦਿੰਦਾ ਹੈ – ਸਵੇਰ ਦਾ ਸਮਾਂ**
2. **ਕਦੋਂ ਉਸ ਨੇ ਆਪਣੀ ਸਿੱਖਿਆ ਸ਼ੁਰੂ ਕੀਤੀ?**

    ਲੂਕਾ 21:38 ਅਤੇ ਸਭ ਲੋਕ ਉਹ ਦੀ **ਸੁਣਨ ਲਈ** ਹੈਕਲ ਵਿੱਚ **ਤੜਕੇ** ਉਹ ਦੇ ਕੋਲ ਆਉਂਦੇ ਸਨ।

3. ਜੀ ਉੱਠੇ ਪ੍ਰਭੂ ਨੂੰ **ਵੇਖਣ ਵਾਲਾ ਪਹਿਲਾ**

ਯੂਹੰਨਾ 20:1 ਅਤੇ 14 ਹਫ਼ਤੇ ਦੇ ਪਹਿਲੇ ਦਿਨ ਮਰਿਯਮ ਮਗਦਲੀਨੀ **ਤੜਕੇ ਜਦੋਂ ਅਨ੍ਹੇਰਾ ਹੀ ਸੀ** ਕਬਰ ਉੱਤੇ ਆਈ

4. **ਪਰਮੇਸ਼ੁਰ ਆਦਮ ਨਾਲ ਕਦੋਂ ਚੱਲਦਾ ਸੀ?**

ਉਤਪਤ 3:8 ਤਾਂ ਉਨ੍ਹਾਂ ਨੇ ਯਹੋਵਾਹ ਪਰਮੇਸ਼ਰ ਦੀ ਅਵਾਜ਼ ਸੁਣੀ ਜਦ ਉਹ ਬਾਗ ਵਿੱਚ **ਠੰਡੇ ਵੇਲੇ** ਫਿਰਦਾ ਸੀ

5. **ਮੰਨਾਹ ਦਾ ਸਬਕ।**

ਕੂਚ 16:12-14, 18, 21 **ਸਵੇਰ ਨੂੰ** ਤੁਸੀਂ **ਰੋਟੀ** ਨਾਲ ਰੱਜ ਜਾਓਗੇ ਅਤੇ ਤੁਸੀਂ ਜਾਣੋਗੇ ਕਿ ਮੈਂ ਯਹੋਵਾਹ ਤੁਹਾਡਾ ਪਰਮੇਸ਼ਰ ਹਾਂ।

- ਯਿਸੂ ਨੇ ਸਾਨੂੰ ਪ੍ਰਾਰਥਨਾ ਕਰਨਾ ਸਿਖਾਇਆ: ਸਾਡੇ ਪਿਤਾ . . . ਸਾਡੀ ਰੋਜ਼ ਦੀ ਰੋਟੀ ਰੋਜ਼ ਸਾਨੂੰ ਦਿਹ ਲੂਕਾ 11:3

- ਯੂਹੰਨਾ 6:35 ਯਿਸੂ ਨੇ ਉਨ੍ਹਾਂ ਨੂੰ ਆਖਿਆ, **ਜੀਉਣ ਦੀ ਰੋਟੀ ਮੈਂ ਹਾਂ।** ਜੋ ਮੇਰੇ ਕੋਲ **ਆਉਂਦਾ ਹੈ** ਉਹ ਮੂਲੋਂ ਭੁੱਖਾ ਨਾ ਹੋਵੇਗਾ ਅਤੇ ਜੋ ਮੇਰੇ ਉੱਤੇ **ਨਿਹਚਾ ਕਰਦਾ** ਹੈ ਸੋ ਕਦੇ ਵੀ ਤਿਹਾਇਆ ਨਾ ਹੋਵੇਗਾ।

(16) **ਹਰ ਇੱਕ** ਮਨੁੱਖ ਆਪਣੇ **ਖਾਣ ਜੋਗਾ** ਇਕੱਠਾ ਕਰੇ
(18) ਜਦ ਉਨ੍ਹਾਂ ਨੇ ਓਮਰ ਨਾਲ ਮਾਪਿਆ ਤਾਂ ਜਿਸ ਨੇ ਵੱਧ ਲਿਆ ਸੀ ਉਸ ਦਾ ਵੱਧ ਨਾ ਨਿੱਕਲਿਆ ਅਰ ਜਿਸ ਨੇ ਘੱਟ ਲਿਆ ਸੀ ਉਸ ਦਾ ਘੱਟ ਨਾ ਨਿੱਕਲਿਆ ਪਰ ਹਰ ਇੱਕ ਨੇ ਆਪਣੇ ਖਾਣ ਜੋਗਾ ਪਾਇਆ।

- ਜਿੰਨਾ ਤੁਸੀਂ ਚਾਹੁੰਦੇ ਹੋ ਓਨਾ "ਜੀਵਨ ਦੀ ਰੋਟੀ" ਵਿੱਚੋਂ ਤੁਸੀਂ ਲੈ ਸਕਦੇ ਹੋ

(19) ਮੂਸਾ ਨੇ ਉਨ੍ਹਾਂ ਨੂੰ ਆਖਿਆ, ਸਵੇਰ ਤੀਕ ਕੋਈ ਰੱਖ ਨਾ ਛੱਡੇ। (20) ਪਰ ਉਨ੍ਹਾਂ ਨੇ ਮੂਸਾ ਦੀ ਨਾ ਸੁਣੀ। ਕਈਆਂ ਨੇ ਉਸ ਵਿੱਚੋਂ ਸਵੇਰ ਤੀਕ ਰੱਖ ਛੱਡਿਆ ਸੋ ਉਸ ਵਿੱਚ ਕੀੜੇ ਪੈ ਗਏ ਅਤੇ ਸੜਿਆਹਣ ਆਉਣ ਲੱਗ ਪਈ। ਤਾਂ ਮੂਸਾ ਉਨ੍ਹਾਂ ਉੱਤੇ ਗਰੰਜ ਹੋਇਆ। (21) **ਸੋ ਓਹ ਹਰ ਇੱਕ ਦੇ ਖਾਣ ਜੋਗਾ ਹਰ ਸਵੇਰ ਨੂੰ ਇਕੱਠਾ ਕਰ ਲੈਂਦੇ ਸਨ ਅਰ ਜਦ ਧੁੱਪ ਤਿੱਖੀ ਹੁੰਦੀ ਸੀ ਤਾਂ ਉਹ ਢਲ ਜਾਂਦਾ ਸੀ।**

6. **ਧੂਪ ਦੀ ਵੇਦੀ** ਧੂਪ ਸਾਡੀਆਂ ਪ੍ਰਾਰਥਨਾਵਾਂ ਦੀ ਇੱਕ ਕਿਸਮ ਹੈ।

ਕੂਚ 30:7-8 ਅਰ ਹਾਰੂਨ ਉਸ ਉੱਤੇ ਸੁਗੰਧੀ ਧੂਪ **ਹਰ ਸਵੇਰ ਦੇ ਸਮੇ ਧੁਖਾਵੇ**। ਜਦ ਉਹ ਦੀਵਿਆਂ ਨੂੰ ਸੁਆਰੇ . . . ਉਹ ਤੁਹਾਡੀਆਂ ਪੀੜੀਆਂ ਤੀਕ ਸਦਾ ਲਈ ਯਹੋਵਾਹ ਦੇ ਸਨਮੁਖ ਧੂਪ ਧੁਖਾਵੇ।

ਪਰਕਾਸ਼ ਦੀ ਪੋਥੀ 8:3-4 ਫੇਰ ਇੱਕ ਹੋਰ ਦੂਤ ਆਇਆ ਅਤੇ ਸੋਨੇ ਦੀ ਧੂਪਦਾਨੀ . . . ਬਹੁਤ ਸਾਰੀ **ਧੂਪ** ਉਹ ਨੂੰ ਦਿੱਤੀ ਗਈ ਭਈ ਉਹ ਉਸ ਨੂੰ ਸਭਨਾਂ ਸੰਤਾਂ ਦੀਆਂ **ਪ੍ਰਾਰਥਨਾਂ** ਦੇ ਨਾਲ ਨਾਲ ਉਸ ਸੋਨੇ ਦੀ ਜਗਵੇਦੀ

ਉੱਤੇ ਧੁਖਾਉਂਦਾ ਰਹੇ ਜਿਹੜੀ ਸਿੰਘਾਸਣ ਦੇ ਅੱਗੇ ਹੈ। (4) ਅਤੇ ਧੂਪ ਦਾ ਧੂੰਆਂ ਸੰਤਾਂ ਦੀਆਂ ਪ੍ਰਾਰਥਨਾਂ ਨਾਲ ਓਸ ਦੂਤ ਦੇ ਹੱਥੋਂ ਪਰਮੇਸ਼ਰ ਦੇ ਹਜ਼ੂਰ ਅੱਪੜ ਗਿਆ।

7. **ਝਾਜਕ ਪੂਰੀ ਲਾਟ ਵਾਲੀ ਅੱਗ ਲਿਆਉਂਦਾ ਹੈ।** ਲੇਵੀਆਂ ਦੀ ਪੋਥੀ 6:12-13 **ਜਗਵੇਦੀ ਦੇ ਉੱਤੇ ਜਿਹੜੀ ਅੱਗ ਹੈ** ਸੋ ਉਸ ਦੇ ਵਿੱਚ **ਬਲਦੀ ਰਹੇ। ਉਹ ਕਦੇ ਨਾ ਬੁਝਾਈ ਜਾਵੇ** ਅਤੇ **ਜਾਜਕ ਸਵੇਰ ਦੇ ਵੇਲੇ ਸਦਾ** ਉਸ ਦੇ ਉੱਤੇ ਲੱਕੜਾਂ ਬਾਲਣ ਅਤੇ ਉਸ ਦੇ ਉੱਤੇ ਹੋਮ ਦੀ ਭੇਟ ਸੁਧਾਰ ਕੇ ਰੱਖੇ ਅਤੇ ਉਹ ਉਸ ਦੇ ਉੱਤੇ ਸੁੱਖ ਸਾਂਦ ਦੀਆਂ ਭੇਟਾਂ ਦੀ ਚਰਬੀ **ਸਾੜੇ**। (13) **ਜਗਵੇਦੀ ਦੇ ਉੱਤੇ ਅੱਗ ਸਦਾ ਬਲਦੀ ਰਹੇ, ਉਹ ਕਦੇ ਨਾ ਬੁਝੇ।**

ਮੱਤੀ 3:11 ਉਹ ਤੁਹਾਨੂੰ ਪਵਿੱਤਰ ਆਤਮਾ ਅਤੇ ਅੱਗ ਨਾਲ ਬਪਤਿਸਮਾ ਦੇਊ।

8. **ਫਹਿਲਾ ਫਲ ਪਰਮੇਸ਼ੁਰ ਦਾ ਹੈ।** ਕਹਾਉਤਾਂ 3:9 ਆਪਣਾ ਮਾਲ ਅਤੇ ਆਪਣੀ ਸਾਰੀ ਪੈਦਾਵਾਰ ਦੇ ਪਹਿਲੇ ਫਲ ਨਾਲ ਯਹੋਵਾਹ ਦੀ ਮਹਿਮਾ ਕਰ,

9. **ਦਾਊਦ ਪਰਮੇਸ਼ੁਰ ਦੇ ਮਨ ਦੇ ਅਨੁਸਾਰ ਮਨੁੱਖ ਸੀ। ਕਿਉਂ?**

ਜ਼ਬੂਰ 5:3 ਹੇ ਯਹੋਵਾਹ, ਤੂੰ **ਅੰਮ੍ਰਿਤ ਵੇਲੇ** ਮੇਰੀ ਅਵਾਜ਼ ਸੁਣੇਂਗਾ, **ਅੰਮ੍ਰਿਤ ਵੇਲੇ** ਮੈਂ ਤੇਰੇ ਲਈ ਤਿਆਰੀ ਕਰ ਕੇ ਤੇਰੀ ਉਡੀਕ ਕਰਾਂਗਾ।

ਜ਼ਬੂਰ 57:8 ਹੇ ਮੇਰੀ ਮਹਿਮਾ, ਜਾਗ! ਹੇ ਸਤਾਰ ਤੇ ਬਰਬਤ, ਜਾਗੋ! **ਮੈਂ ਫਜਰ ਨੂੰ ਵੀ ਜਗਾ ਦਿਆਂਗਾ!**

ਜ਼ਬੂਰ 63:1 ਹੇ ਪਰਮੇਸ਼ਰ, ਤੂੰ ਮੇਰਾ ਪਰਮੇਸ਼ਰ ਹੈਂ, **ਮੈਂ ਦਿਲ ਤੋਂ ਤੈਨੂੰ ਭਾਲਦਾ ਹਾਂ,** ਮੇਰੀ ਜਾਨ ਤੇਰੀ ਤਿਹਾਈ ਹੈ, ਮੇਰਾ ਸਰੀਰ ਤੇਰੇ ਲਈ ਤਰਸਦਾ ਹੈ, ਸੁੱਕੀ ਅਤੇ ਬੰਜਰ ਧਰਤੀ ਵਿੱਚ ਜਿੱਥੇ ਪਾਣੀ ਨਹੀਂ ਹੈ।

ਜ਼ਬੂਰ 90:14 **ਸਵੇਰ ਨੂੰ** ਆਪਣੀ ਦਯਾ ਨਾਲ **ਸਾਡੀ ਨਿਸ਼ਾ ਕਰ**, ਭਈ ਅਸੀਂ ਆਪਣੇ ਸਾਰੇ ਦਿਨ ਜੈਕਾਰੇ ਗਜਾਈਏ ਅਤੇ ਅਨੰਦ ਕਰੀਏ।

ਜ਼ਬੂਰ 119:147 **ਮੈਂ ਪੌਹ ਫੁੱਟਣ ਤੋਂ ਪਹਿਲਾਂ ਉੱਠਿਆ** ਤੇ ਦੁਹਾਈ ਦਿੱਤੀ, ਮੈਂ ਤੇਰੇ ਬਚਨ ਲਈ **ਆਸਾ ਰੱਖੀ**।

10. **ਸਰੇਸ਼ਟ ਗੀਤ 7:12 ਆਓ ਅਸੀਂ ਸਵੇਰੇ ਜਲਦੀ ਉੱਠੀਏ . . .**

**ਅਸੀਂ ਸਵੇਰੇ ਹੀ** ਅੰਗੂਰੀ ਬਾਗ਼ਾਂ ਲਈ **ਉੱਠੀਏ**, ਅਸੀਂ ਵੇਖੀਏ ਭਈ ਵੇਲ ਖਿੜੀ ਹੈ, ਅਤੇ ਉਸ ਦੇ ਫੁੱਲ ਖੁਲ੍ਹੇ ਹਨ, ਅਤੇ ਅਨਾਰ ਫੁੱਲੇ ਹਨ ਕਿ ਨਹੀਂ, **ਉੱਥੇ ਮੈਂ ਤੈਨੂੰ ਆਪਣਾ ਪ੍ਰੇਮ ਦਿਆਂਗੀ**।

ਉਹ ਤੁਹਾਨੂੰ ਬਾਗ ਵਿੱਚ ਬੁਲਾਉਂਦਾ ਹੈ . . . ਉਹ ਤੁਹਾਡੇ ਨਾਲ ਹਰ ਸਵੇਰ ਜਲਦੀ ਚੱਲਣਾ ਚਾਹੁੰਦਾ ਹੈ ਜਿਵੇਂ ਉਹ ਆਦਮ ਅਤੇ ਹੱਵਾਹ ਨਾਲ ਚੱਲਦਾ ਸੀ।

ਉਹ ਤੁਹਾਨੂੰ ਆਪਣਾ ਪਿਆਰ ਦੇਣਾ ਚਾਹੁੰਦਾ ਹੈ। ਤੁਸੀਂ ਕਿਵੇਂ ਉੱਤਰ ਦੇਵੋਗੇ?

ਉਹ ਹਰ ਸਵੇਰ ਤੁਹਾਡੀ ਉਡੀਕ ਕਰਦਾ ਹੈ।

ਤੁਹਾਡੇ ਲਈ ਮੇਰੀ ਪ੍ਰਾਰਥਨਾ: ਅਫਸੀਆਂ 1:15-21

ਇਸ ਕਾਰਨ ਮੈਂ ਵੀ ਜਾਂ **ਤੁਹਾਡੀ ਨਿਹਚਾ** ਨੂੰ ਜੋ ਪ੍ਰਭੂ ਯਿਸੂ ਦੇ ਉੱਤੇ ਹੈ ਅਤੇ ਉਸ **ਪ੍ਰੇਮ** ਨੂੰ ਜੋ
ਸਭਨਾਂ ਸੰਤਾਂ ਦੇ ਲਈ ਹੈ ਸੁਣਿਆ। [16] ਤਾਂ ਆਪਣੀਆਂ ਪ੍ਰਾਰਥਨਾਂ ਵਿੱਚ ਤੁਹਾਨੂੰ ਚੇਤੇ ਕਰਦਿਆਂ
ਤੁਹਾਡੇ ਲਈ ਧੰਨਵਾਦ ਕਰਨ ਤੋਂ ਨਹੀਂ ਹਟਦਾ। [17] ਭਈ ਸਾਡੇ ਪ੍ਰਭੂ ਯਿਸੂ ਮਸੀਹ ਦਾ ਪਰਮੇਸ਼ਰ
ਜਿਹੜਾ ਤੇਜ ਦਾ ਪਿਤਾ ਹੈ **ਆਪਣੀ ਪੂਰੀ ਪਛਾਣ ਵਿੱਚ ਗਿਆਨ** ਅਤੇ **ਪਰਕਾਸ਼ ਦਾ ਆਤਮਾ**
ਤੁਹਾਨੂੰ **ਦਾਨ ਕਰੇ।** [18] ਕਿ **ਤੁਹਾਡੇ ਦਿਲ ਦੀਆਂ ਅੱਖਾਂ** ਨੂੰ ਚਾਨਣ ਹੋਵੇ ਤਾਂ ਜੋ ਤੁਸੀਂ **ਜਾਣ** ਲਵੋ
ਭਈ ਉਹ ਦੇ **ਸੱਦੇ ਤੋਂ ਕੀ ਆਸ** ਹੁੰਦੀ ਹੈ ਅਤੇ **ਸੰਤਾਂ ਵਿੱਚ ਉਹ ਦੇ ਤੇਜਵਾਨ ਅਧਕਾਰ ਦਾ ਧਨ**
ਕੀ ਹੈ? [19] ਅਤੇ ਅਸਾਂ ਨਿਹਚਾਵਾਨਾਂ ਵੱਲ ਉਹ ਦੀ ਸਮਰੱਥਾ ਦਾ ਅਤਯੰਤ ਵੱਡਾਪਣ ਉਹ ਦੀ
ਵੱਡੀ ਸ਼ਕਤੀ ਦੇ ਅਮਲ ਅਨੁਸਾਰ ਕੀ ਹੈ?